@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika

Punjabi National Daily

NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 3 October 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 3 ਅਕਤੂਬਰ 2025, 19 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 324, qpatrika@gmail.com ਫੋਨ : 9971359517 www.qaumipatrika.org

ਦੁਸ਼ਹਿਰੇ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ਵਾਸੀਆਂ ਨੂੰ ਦਿੱਤੀਆਂ ਵਧਾਈਆਂ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 2 ਅਕਤੂਬਰ। ਅੱਜ ਭਾਰਤ ਸਣੇ ਦੁਨੀਆ ਭਰ 'ਚ ਬੁਰਾਈ 'ਤੇ ਚੰਗਿਆਈ ਦਾ ਪ੍ਰਤੀਕ ਦੁਸਹਿਰੇ ਦਾ ਤਿਉਹਾਰ ਪੂਰੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸੇ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਆਪਣੇ ਐਕਸ ਅਕਾਊਂਟ 'ਤੇ ਪੋਸਟ ਪਾ ਕੇ ਲਿਖਿਆ, "ਵਿਜੈਦਸ਼ਮੀ ਬੁਰਾਈ 'ਤੇ ਸੱਚਾਈ ਤੇ ਚੰਗਿਆਈ ਦੀ ਜਿੱਤ ਦਾ ਪ੍ਰਤੀਕ ਹੈ। ਮੇਰੀ ਕਾਮਨਾ ਹੈ ਕਿ ਇਸ ਪਵਿੱਤਰ ਮੌਕੇ ਹਰ ਕਿਸੇ ਨੂੰ ਹੌਸਲੇ, ਬੁੱਧੀ ਤੇ ਭਗਤੀ ਦੇ ਰਾਹ 'ਤੇ ਚੱਲਣ ਦੀ ਪ੍ਰੇਰਣਾ ਮਿਲੇ। ਦੇਸ਼ ਭਰ ਦੇ ਮੇਰੇ ਪਰਿਵਾਰ ਦੇ ਮੈਂਬਰਾਂ ਨੂੰ ਵਿਜੈ ਦਸ਼ਮੀ ਦੀਆਂ ਬਹੁਤ-ਬਹੁਤ ਵਧਾਈਆਂ।" 'ਚ ਬੁਰਾਈ ਉਪਰ ਅੱਛਾਈ ਦੀ ਜਿੱਤ ਦਾ ਪ੍ਰਤੀਕ ਦੁਸਹਿਰੇ ਦੇ ਤਿਉਹਾਰ ਮੌਕੇ ਰਾਵਣ ਅਤੇ ਕੁੰਭਕਰਨ ਦੇ ਪੁਤਲੇ ਅਗਨੀ ਭੇਟ ਕਰਦੇ ਹੋਏ ਦੁਸਹਿਰੇ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਵੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰਦੇ ਹੋਏ ਸ਼ਹਿਰ ਵਾਸੀਆਂ ਨੂੰ ਦੁਸਹਿਰੇ ਦੀ ਤਿਉਹਾਰ ਦੀ ਜਿੱਥੇ ਵਧਾਈ ਦਿੱਤੀ ਗਈ, ਉਥੇ ਹੀ ਸ਼ਹਿਰ ਦੇ ਵਿਕਾਸ ਲਈ 35 ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਵਿਕਾਸ ਕਾਰਜਾਂ ਦਾ ਤੋਹਫਾ ਦਿੱਤਾ ਗਿਆ। ਬੀਤੇ ਲੰਮੇਂ ਸਮੇਂ ਤੋਂ ਸ਼੍ਰੀ ਸਨਾਤਨ ਧਰਮ ਸਭਾ ਦੇ ਚੱਲ ਰਹੇ ਵਿਵਾਦ ਦੇ ਚੱਲਦਿਆਂ ਦੁਸਹਿਰੇ ਦੇ ਤਿਉਹਾਰ ਨੂੰ ਪ੍ਰਸ਼ਾਸਨ ਵੱਲੋਂ ਆਪਣੀ ਨਿਗਰਾਨੀ ਹੇਠ ਕੀਤੇ ਗਏ ਇੰਤਜ਼ਾਮਾਂ

ਤਹਿਤ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਹਲਕਾ ਤਰਨਤਾਰਨ ਦੇ ਇੰਚਾਰਜ ਹਰਮੀਤ ਸਿੰਘ ਸੰਧੂ ਨੇ ਆਪਣੀ ਹਾਜ਼ਰੀ ਭਰੀ। ਸਥਾਨਕ ਗਾਂਧੀ ਗਰਾਊਂਡ ਵਿਖੇ ਦੁਸ਼ਹਿਰੇ ਦੇ ਤਿਉਹਾਰ ਮੌਕੇ ਜ਼ਿਲੇ ਦੇ ਐੱਸ.ਐੱਸ.ਪੀ ਰਵਜੋਤ ਗਰੇਵਾਲ ਵੱਲੋਂ ਜਾਰੀ ਕੀਤੇ ਗਏ ਸਖਤ ਹੁਕਮਾਂ ਤਹਿਤ ਪੁਲਸ ਪ੍ਰਸ਼ਾਸਨ ਵੱਲੋਂ ਪੁਖਤਾ ਇੰਤਜ਼ਾਮ ਕੀਤੇ ਗਏ। ਗਾਂਧੀ ਗਰਾਊਂਡ ਵਿਖੇ ਐੱਸ.ਡੀ.ਐੱਮ. ਤਰਨਤਾਰਨ ਗੁਰਪ੍ਰੀਤ ਸਿੰਘ ਦੀ ਨਿਗਰਾਨੀ ਹੇਠ ਵਧੀਆ ਇੰਤਜ਼ਾਮ ਕੀਤੇ ਗਏ ਸਨ। ਇਸ ਮੌਕੇ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਵੱਲੋਂ ਮੰਚ ਤੋਂ ਸੰਬੋਧਨ ਕਰਦੇ ਹੋਏ ਕਿਹਾ ਗਿਆ ਕਿ ਸਾਨੂੰ ਸ਼੍ਰੀ ਰਾਮ ਚੰਦਰ ਜੀ ਦੇ ਦਰਸਾਏ ਹੋਏ ਰਸਤੇ ਉਪਰ ਚੱਲਣਾ ਚਾਹੀਦਾ ਹੈ। ਇਸ ਮੌਕੇ ਰਾਵਨ, ਕੁੰਭਕਰਨ ਦੇ ਪੁਤਲਿਆਂ ਨੂੰ ਸੂਰਜ ਛਿਪਣ ਦੌਰਾਨ ਹਰਮੀਤ ਸਿੰਘ ਸੰਧੂ ਅਤੇ ਹਿੰਦੂ ਸਮਾਜ ਦੇ ਲੋਕਾਂ ਵੱਲੋਂ ਅਗਨੀ ਭੇਟ ਕੀਤੀ ਗਈ। ਇਸ ਮੌਕੇ ਸਟੇਜ਼ ਸੈਕਟਰੀ ਦੀ ਸੇਵਾ ਸੁਰਜੀਤ ਕੁਮਾਰ ਅਹੂਜਾ ਜ਼ਿਲਾ ਸਤਿਸੰਗ ਪ੍ਰਮੁੱਖ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਯੂਥ ਜਨਰਲ ਸਕੱਤਰ ਅਤੇ ਹਲਕਾ ਸੰਗਠਨ ਇੰਚਾਰਜ ਰੁਪਿੰਦਰ ਕੌਰ ਸੰਧੂ, ਭੁਪਿੰਦਰ ਸਿੰਘ ਖੇੜਾ ਸਾਬਕਾ ਨਗਰ ਕੌਂਸਲ ਪ੍ਰਧਾਨ, ਕੌਂਸਲਰ ਸਰਬਜੀਤ ਸਿੰਘ ਲਾਲੀ ਵਸੀਕਾ, ਕੌਂਸਲਰ ਸਰਬਿੰਦਰ ਸਿੰਘ ਭਰੋਵਾਲ, ਕੌਂਸਲਰ ਸੂਰਜ ਕੁਮਾਰ ਸ਼ਰਮਾ, ਦਿਲਬਾਗ ਸਿੰਘ ਬਾਠ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਤਰਨਤਾਰਨ, ਪ੍ਰਮੋਦ ਕੁਮਾਰ ਚੱਡਾ, ਰਜੇਸ਼ ਵਾਲੀਆ, ਪੁਨੀਤ ਚੱਡਾ, ਹਰਿੰਦਰ ਕੁਮਾਰ ਅਗਰਵਾਲ, ਡੀ.ਐੱਸ.ਪੀ ਸਿਟੀ ਜਗਜੀਤ ਸਿੰਘ, ਥਾਣਾ ਸਿਟੀ ਮੁਖੀ ਇੰਸਪੈਕਟਰ ਗੁਰਚਰਨ ਸਿੰਘ, ਸਬ ਇੰਸਪੈਕਟਰ ਰਾਣੀ ਕੌਰ, ਪੰਡਤ ਮਹਾਵੀਰ, ਸੰਜੀਵ ਕੁਮਾਰ ਡਿੰਪੀ ਮਹੰਤ, ਟ?ਰੈਫਿਕ ਇੰਚਾਰਜ ਦਿਲਬਾਗ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਮੈਂਬਰ ਹਾਜ਼ਰ ਸਨ। ਦੁਸਹਿਰੇ ਦੇ ਤਿਉਹਾਰ ਮੌਕੇ ਸਥਾਨਕ ਸ਼ਹਿਰ ਦੀ ਮਸ਼ਹੂਰ ਦੁਕਾਨ ਗਗਨ ਸਵੀਟਸ ਅਤੇ ਰਸੋਈ ਵਿਖੇ ਆਪਣੇ ਗ੍ਰਾਹਕਾਂ ਲਈ ਵਿਸ਼ੇਸ਼ ਕਿਸਮ ਦੀਆਂ ਅਮਰਤੀਆਂ ਅਤੇ ਜਲੇਬੀਆਂ ਕੱਢੀਆਂ ਗਈਆਂ।

ਦੁਸ਼ਹਿਰੇ ਮੌਕੇ ਵਾਪਰਿਆ ਵੱਡਾ ਹਾਦਸਾ !

ਨੈਸ਼ਨਲ ਡੈਸਕ 2 ਅਕਤੂਬਰ। ਮੱਧ ਪ੍ਰਦੇਸ਼ ਦੇ ਖੰਡਵਾ ਜ਼ਿਲ੍ਹੇ ਦੇ ਅਰਦਲਾ ਪਿੰਡ ਵਿੱਚ ਦੁਸਹਿਰੇ ਵਾਲੇ ਦਿਨ ਇੱਕ ਦਰਦਨਾਕ ਹਾਦਸਾ ਵਾਪਰਿਆ। ਦੇਵੀ ਦੁਰਗਾ ਦੀਆਂ ਮੂਰਤੀਆਂ ਨੂੰ ਵਿਸਰਜਨ ਲਈ ਲਿਜਾ ਰਹੀ ਇੱਕ ਟਰੈਕਟਰ-ਟਰਾਲੀ ਦੇ ਤਲਾਅ ਵਿੱਚ ਡਿੱਗਣ ਨਾਲ 9 ਲੋਕਾਂ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਅਤੇ ਸਥਾਨਕ ਬਚਾਅ ਟੀਮਾਂ ਮੌਕੇ 'ਤੇ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਦੱਸਿਆ ਜਾ ਰਿਹਾ ਹੈ ਕਿ ਟਰੈਕਟਰ-ਟਰਾਲੀ ਤਲਾਅ ਦੇ ਨੇੜੇ ਇੱਕ ਪੁਲੀ 'ਤੇ ਖੜ੍ਹੀ ਸੀ ਪਰ ਅਚਾਨਕ ਇਹ ਪਲਟ ਗਈ, ਜਿਸ ਨਾਲ ਸਵਾਰ ਲੋਕ ਤਲਾਅ ਵਿੱਚ ਡੁੱਬ ਗਏ। ਹਾਦਸੇ ਵਿੱਚ ਜ਼ਿਆਦਾਤਰ ਬੱਚਿਆਂ ਦੀ ਮੌਤ ਹੋ ਗਈ। ਡੁੱਬਣ ਵਾਲੇ ਪੀੜਤਾਂ ਨੇ ਮਦਦ ਲਈ ਚੀਕਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਨੇੜਲੇ ਰਾਹਗੀਰਾਂ ਅਤੇ ਬਚਾਅ ਟੀਮਾਂ ਨੇ ਤੁਰੰਤ ਪਹੁੰਚ ਕੇ ਕੁਝ ਨੂੰ ਬਚਾਇਆ। ਪੁਲਸ ਨੇ ਮ੍ਰਿਤਕਾਂ ਦੀ ਪਛਾਣ ਕਰ ਲਈ ਹੈ ਅਤੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਕਬਜ਼ੇ ਵਿੱਚ ਲੈ ਲਿਆ ਹੈ। ਘਟਨਾ ਦੇ ਕਾਰਨਾਂ ਦਾ ਪਤਾ ਲਗਾਉਣ ਅਤੇ ਜ਼ਿੰਮੇਵਾਰੀ ਨਿਰਧਾਰਤ ਕਰਨ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਦੁਸਹਿਰੇ ਦੇ ਜਸ਼ਨਾਂ ਦੌਰਾਨ ਤਲਾਬ 'ਤੇ ਵੱਡੀ ਭੀੜ ਮੌਜੂਦ ਸੀ। ਪ੍ਰਸ਼ਾਸਨ ਅਤੇ ਪੁਲਸ ਅਧਿਕਾਰੀ ਅਜੇ ਵੀ ਘਟਨਾ ਸਥਾਨ 'ਤੇ ਹਨ ਅਤੇ ਬਚਾਅ ਅਤੇ ਰਾਹਤ ਕਾਰਜ ਜਾਰੀ ਹਨ। ਇਸ ਹਾਦਸਾ ਕਾਰਨ ਪੂਰੇ ਇਲਾਕੇ ਵਿੱਚ ਸੋਗ ਲਹਿਰ ਹੈ। ਪੁਲਸ ਨੇ ਪੂਰੀ ਰਿਪੋਰਟ ਤਿਆਰ ਕਰਕੇ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਹਾਦਸੇ ਨੇ ਪੂਰੇ ਇਲਾਕੇ ਵਿੱਚ ਸੋਗ ਅਤੇ ਚਿੰਤਾ ਫੈਲਾ ਦਿੱਤੀ ਹੈ। ਪੁਲਸ ਅਤੇ ਪ੍ਰਸ਼ਾਸਨ ਨੇ ਨਿਵਾਸੀਆਂ ਨੂੰ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਧਾਰਮਿਕ ਸਮਾਗਮ ਕਰਨ ਦੀ ਅਪੀਲ ਕੀਤੀ ਹੈ। ਹਾਦਸੇ ਵਿੱਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਸਰਕਾਰੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਥੇ ਹੀ ਮੁੱਖ ਮੰਤਰੀ ਮੋਹਨ ਯਾਦਵ ਨੇ ਇਸ ਦੁਖਦਾਈ ਘਟਨਾ 'ਤੇ ਆਪਣੇ ਸੰਵੇਦਨਾ ਦਾ ਪ੍ਰਗਟਾਵਾ ਕਰਦੇ ਹੋਏ ਟਵੀਟ ਕੀਤਾ। ਉਨ੍ਹਾਂ ਕਿਹਾ ਕਿ ਇਹ ਹਾਦਸਾ ਬਹੁਤ ਹੀ ਦੁਖਦਾਈ ਸੀ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਆਪਣੀ ਸੰਵੇਦਨਾ ਪ੍ਰਗਟ ਕੀਤੀ। ਮੁੱਖ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ ਜ਼ਖਮੀਆਂ ਦਾ ਨਜ਼ਦੀਕੀ ਹਸਪਤਾਲ ਵਿੱਚ ਸਹੀ ਇਲਾਜ ਕੀਤਾ ਜਾਵੇ।

ਪ੍ਰਧਾਨ ਮੰਤਰੀ ਮੋਦੀ ਨੇ ਟਰੰਪ ਨੂੰ ਖੁਸ਼ ਕਰਨ ਲਈ ਗਾਜ਼ਾ ਪ੍ਰਸਤਾਵ ਦਾ ਕੀਤਾ ਸਮਰਥਨ: ਕਾਂਗਰਸ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 2 ਅਕਤੂਬਰ। ਕਾਂਗਰਸ ਪਾਰਟੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪ੍ਰਸਤਾਵਿਤ ਗਾਜ਼ਾ ਸ਼ਾਂਤੀ ਪ੍ਰਸਤਾਵ 'ਤੇ ਸਵਾਲ ਉਠਾਉਂਦੇ ਹੋਏ ਦੋਸ਼ ਲਗਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਰੰਪ ਨੂੰ ਖੁਸ਼ ਕਰਨ ਲਈ ਇਸਦਾ ਸਮਰਥਨ ਕੀਤਾ ਪਰ ਗਾਜ਼ਾ ਵਿੱਚ ਹੋਏ ਕਤਲੇਆਮ 'ਤੇ ਚੁੱਪ ਰਹੇ, ਜੋ ਕਿ ਨੈਤਿਕ ਕਾਇਰਤਾ ਦੇ ਬਰਾਬਰ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ✓ 'ਤੇ ਪੋਸਟ ਕੀਤਾ, ਆਪਣੇ ਚੰਗੇ ਦੋਸਤ ਰਾਸ਼ਟਰਪਤੀ ਟਰੰਪ ਨੂੰ ਖੁਸ਼ ਕਰਨ ਅਤੇ ਆਪਣੇ ਦੂਜੇ ਚੰਗੇ ਦੋਸਤ ਬੈਂਜਾਮਿਨ ਨੇਤਨਯਾਹੂ ਨਾਲ ਏਕਤਾ ਦਿਖਾਉਣ ਲਈ, ਪ੍ਰਧਾਨ ਮੰਤਰੀ ਮੋਦੀ ਨੇ ਗਾਜ਼ਾ ਲਈ ਰਾਸ਼ਟਰਪਤੀ ਟਰੰਪ ਦੀ ਨਵੀਂ 20-ਨੁਕਾਤੀ ਯੋਜਨਾ ਦਾ ਸਵਾਗਤ ਕੀਤਾ ਹੈ। ਪਰ ਇਸ ਯੋਜਨਾ ਬਾਰੇ ਬੁਨਿਆਦੀ ਅਤੇ ਚਿੰਤਾਜਨਕ ਸਵਾਲ ਅਜੇ ਵੀ ਹਨ। ਉਨ੍ਹਾਂ ਪੁੱਛਿਆ, ਪ੍ਰਸਤਾਵਿਤ ਪ੍ਰਸ਼ਾਸਕੀ ਢਾਂਚੇ ਵਿੱਚ ਗਾਜ਼ਾ ਦੇ ਲੋਕ ਖੁਦ ਕਿੱਥੇ ਹਨ? ਇੱਕ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਫਲਸਤੀਨੀ ਰਾਜ ਦੀ ਸਥਾਪਨਾ ਲਈ ਰੋਡਮੈਪ ਕਿੱਥੇ ਹੈ? ਰਮੇਸ਼ ਨੇ ਪੁੱਛਿਆ ਕਿ ਅਮਰੀਕਾ ਅਤੇ ਇਜ਼ਰਾਈਲ ਕਦੋਂ ਤੱਕ ਫਲਸਤੀਨੀ ਰਾਜ ਦੇ ਦਰਜੇ ਨੂੰ ਨਜ਼ਰਅੰਦਾਜ਼ ਕਰਦੇ ਰਹਿਣਗੇ, ਜਿਸਨੂੰ ਪਹਿਲਾਂ ਹੀ 157 ਸੰਯੁਕਤ ਰਾਸ਼ਟਰ ਮੈਂਬਰ ਦੇਸ਼ਾਂ ਦੁਆਰਾ ਮਾਨਤਾ ਦਿੱਤੀ ਜਾ ਚੁੱਕੀ ਹੈ - ਅਤੇ ਜਿਸਦੀ ਸ਼ੁਰੂਆਤ ਭਾਰਤ ਨੇ ਨਵੰਬਰ 1988 ਵਿੱਚ ਕੀਤੀ ਸੀ? ਉਨ੍ਹਾਂ ਇਹ ਵੀ ਸਵਾਲ ਕੀਤਾ ਕਿ ਪਿਛਲੇ ਵੀਹ ਮਹੀਨਿਆਂ ਵਿੱਚ ਗਾਜ਼ਾ ਵਿੱਚ ਹੋਏ ਕਤਲੇਆਮ ਦੀ ਜਵਾਬਦੇਹੀ ਕਿੱਥੇ ਹੈ? ਕਾਂਗਰਸ ਨੇਤਾ ਨੇ ਦਾਅਵਾ ਕੀਤਾ, ਪ੍ਰਧਾਨ ਮੰਤਰੀ ਨੇ ਗਾਜ਼ਾ ਵਿੱਚ ਹਜ਼ਾਰਾਂ ਨਿਰਦੋਸ਼ ਨਾਗਰਿਕਾਂ ਦੀਆਂ ਜਾਨਾਂ ਲੈਣ ਵਾਲੇ ਭਿਆਨਕ ਅੱਤਿਆਚਾਰਾਂ 'ਤੇ ਪੂਰੀ ਤਰ੍ਹਾਂ ਚੁੱਪੀ ਧਾਰੀ ਹੋਈ ਹੈ। ਇਹ ਨੈਤਿਕ ਕਾਇਰਤਾ ਦਾ ਇੱਕ ਗੰਭੀਰ ਕੰਮ ਹੈ ਅਤੇ ਹਰ ਉਸ ਮੁੱਲ ਅਤੇ ਆਦਰਸ਼ ਨਾਲ ਵਿਸ਼ਵਾਸਘਾਤ ਹੈ ਜਿਸ ਲਈ ਭਾਰਤ ਖੜ੍ਹਾ ਹੈ।

ਯੋਗਾ ਸ਼ਰੀਰ, ਮਨ ਅਤੇ ਆਤਮਾ ਨੂੰ ਸੰਤੁਲਿਤ ਕਰਕੇ ਸਾਨੂੰ ਸਕਾਰਾਤਮਕ ਊਰਜਾ ਦਿੰਦਾ ਹੈ: ਰੇਖਾ ਗੁਪਤਾ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ, 2 ਅਕਤੂਬਰ: ਦਿੱਲੀ ਦੀ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਕਿਹਾ ਹੈ ਕਿ ਯੋਗਾ ਸਿਰਫ਼ ਇੱਕ ਕਸਰਤ ਜਾਂ ਗਤੀਵਿਧੀ ਨਹੀਂ ਹੈ, ਸਗੋਂ ਇੱਕ ਜੀਵਨ ਜਿਊਣ ਦੀ ਕਲਾ ਹੈ ਜੋ ਸਰੀਰ, ਮਨ ਅਤੇ ਆਤਮਾ ਨੂੰ ਸੰਤੁਲਿਤ ਕਰਦੀ ਹੈ, ਸਾਨੂੰ ਅਨੁਸ਼ਾਸਿਤ, ਸੰਜਮੀ ਅਤੇ ਸਕਾਰਾਤਮਕ ਊਰਜਾ ਨਾਲ ਭਰਪੂਰ ਬਣਾਉਂਦੀ ਹੈ। ਮੁੱਖ ਮੰਤਰੀ ਨੇ ਇਹ ਵਿਚਾਰ ਕੱਲ੍ਹ ਭਾਰਤੀ ਯੋਗ ਸੰਸਥਾਨ ਦੇ 59ਵੇਂ ਸਥਾਪਨਾ ਦਿਵਸ ਸਮਾਰੋਹ ਅਤੇ ਛਤਰਸਾਲ ਸਟੇਡੀਅਮ ਵਿਖੇ ਆਯੋਜਿਤ ਯੋਗ ਦਿਵਸ ਪ੍ਰੋਗਰਾਮ ਵਿੱਚ ਪ੍ਰਗਟ ਕੀਤੇ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਯੋਗਾ ਨੇ ਪਿਛਲੇ 11 ਸਾਲਾਂ ਵਿੱਚ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਕੀਤੀ ਹੈ। ਇਸ ਵਿਸ਼ੇਸ਼ ਸਮਾਗਮ ਵਿੱਚ ਦਿੱਲੀ ਸਰਕਾਰ ਦੇ ਸਿੱਖਿਆ ਮੰਤਰੀ, ਸ਼੍ਰੀ ਆਸ਼ੀਸ਼ ਸੂਦ, ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਕਈ ਪਤਵੰਤੇ ਮੌਜੂਦ ਸਨ। ਪਿਛਲੇ 59 ਸਾਲਾਂ ਤੋਂ, ਭਾਰਤੀ ਯੋਗ ਸੰਸਥਾ ਭਾਰਤ ਅਤੇ ਵਿਦੇਸ਼ਾਂ ਵਿੱਚ 4,500 ਤੋਂ ਵੱਧ ਮੁਫ਼ਤ ਯੋਗ ਕੇਂਦਰ ਚਲਾ ਰਹੀ ਹੈ, ਜੋ ਸਰਵੇ ਭਵਨਤੁ ਸੁਖਿਨਹ ਅਤੇ ਵਸੁਧੈਵ ਕੁਟੁੰਬਕਮ ਦੀ ਭਾਵਨਾ ਨੂੰ ਦਰਸਾਉਂਦੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਇਹ ਵੀ ਕਿਹਾ ਕਿ ਯੋਗ ਰਾਹੀਂ, ਅਸੀਂ ਨਾ ਸਿਰਫ਼ ਸਰੀਰਕ ਤੌਰ 'ਤੇ ਸਿਹਤਮੰਦ ਰਹਿੰਦੇ ਹਾਂ, ਸਗੋਂ ਮਾਨਸਿਕ ਤੌਰ 'ਤੇ ਵੀ ਮਜ਼ਬੂਤ ??ਅਤੇ ਭਾਵਨਾਤਮਕ

ਤੌਰ 'ਤੇ ਸਥਿਰ ਬਣਦੇ ਹਾਂ। ਇਹ ਸਾਨੂੰ ਸਵੈ-ਜਾਗਰੂਕਤਾ, ਇਕਾਗਰਤਾ ਅਤੇ ਸੰਤੁਲਨ ਸਿਖਾਉਂਦਾ ਹੈ, ਜਿਸ ਨਾਲ ਅਸੀਂ ਦ੍ਰਿੜਤਾ ਅਤੇ ਸ਼ਾਂਤੀ ਨਾਲ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਾਂ। ਭਾਰਤ ਦੀ ਪ੍ਰਾਚੀਨ ਰਿਸ਼ੀ ਪਰੰਪਰਾ ਤੋਂ ਉਤਪੰਨ ਹੋਇਆ ਯੋਗਾ ਅੱਜ ਵਿਸ਼ਵਵਿਆਪੀ ਜੀਵਨ ਸ਼ੈਲੀ ਦਾ ਹਿੱਸਾ ਬਣ ਗਿਆ ਹੈ। ਮੁੱਖ ਮੰਤਰੀ ਨੇ ਯੋਗਾ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਦੂਰਦਰਸ਼ੀ ਅਗਵਾਈ ਅਤੇ ਵਿਸ਼ਵ ਦ੍ਰਿਸ਼ਟੀ ਨੇ ਯੋਗਾ, ਜੋ ਕਿ ਭਾਰਤੀ ਸੱਭਿਆਚਾਰ ਦਾ ਇੱਕ ਅਨਮੋਲ ਤੋਹਫ਼ਾ ਹੈ, ਨੂੰ ਵਿਸ਼ਵ ਪੱਧਰ 'ਤੇ ਸਥਾਪਿਤ ਕੀਤਾ ਹੈ। 2014 ਵਿੱਚ, ਸੰਯੁਕਤ ਰਾਸ਼ਟਰ ਮਹਾਸਭਾ ਨੇ ਪ੍ਰਧਾਨ ਮੰਤਰੀ ਦੇ ਪ੍ਰਸਤਾਵ 'ਤੇ ਅਮਲ ਕਰਦਿਆਂ, 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਮਾਨਤਾ ਦਿੱਤੀ, ਜੋ ਕਿ ਭਾਰਤ ਦੀ ਪ੍ਰਾਚੀਨ ਪਰੰਪਰਾ ਨੂੰ ਆਧੁਨਿਕ ਜੀਵਨ ਦੀ ਨੀਂਹ ਬਣਾਉਣ ਵੱਲ

ਪਤਨੀ 'ਤੇ ਚੜ੍ਹਿਆ ਆਸ਼ਕੀ ਦਾ ਭੂਤ, ਪਤੀ ਨੂੰ ਮਰਵਾਉਣ ਲਈ ਦੇ ਦਿੱਤੀ 5 ਲੱਖ ਦੀ ਸੁਪਾਰੀ

ਪਟਿਆਲਾ 2 ਅਕਤੂਬਰ। ਕੁਝ ਦਿਨ ਪਹਿਲਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਟਿਆਲਾ ਦੇ ਪਿੰਡ ਮਜਾਲ ਦੇ ਇਕ ਸਰਾਬ ਦੇ ਠੇਕੇ 'ਤੇ ਸਰਾਬ ਪੀਣ ਲਈ ਜਾ ਰਹੇ 3 ਵਿਆਕਤੀਆਂ 'ਤੇ ਗੋਲੀਆਂ ਚੱਲੀਆਂ ਸਨ। ਇਸ ਘਟਨਾ ਵਿਚ 2 ਵਿਆਕਤੀ ਬੁਰੀ ਤਰ੍ਹਾਂ ਜਖਮੀ ਹੋਏ ਸਨ। ਜਖਮੀਆਂ ਦੀ ਪਛਾਣ ਪਾਲਾ ਰਾਮ ਅਤੇ ਬਲਜਿੰਦਰ ਸਿੰਘ ਵੱਜੋਂ ਹੋਈ ਸੀ, ਜੋਕਿ ਪਿੰਡ ਤੇਜਾ ਦੇ ਰਹਿਣ ਵਾਲੇ ਸਨ। ਹੁਣ ਇਸ ਮਾਮਲੇ ਵਿਚ ਪੁਲਸ ਨੇ 2 ਵਿਅਕਤੀ ਅਤੇ 1 ਔਰਤ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਪਾਸੋਂ ਪਿਸਤੌਲ ਵਾਰਦਾਤ ਵਿੱਚ ਵਰਤੇ ਹੋਏ ਬਰਾਮਦ ਕੀਤੇ ਗਏ ਹਨ। ਇਸ ਸਾਰੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਐੱਸ. ਐੱਸ. ਪੀ. ਪਟਿਆਲਾ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਜਿਸ ਵਿਅਕਤੀ ਦੀ ਅੱਖ 'ਤੇ ਗੋਲੀ ਲੱਗ ਕੇ ਦੂਜੇ ਬੰਦਾ ਬਲਜਿੰਦਰ ਸਿੰਘ ਦੀ ਗਰਦਨ ਵਿਚ ਜਾ ਵੱਜੀ ਸੀ। ਵੱਡਾ ਖੁਲਾਸਾ ਇਹ ਹੋਇਆ ਹੈ ਕਿ ਬਲਜਿੰਦਰ ਸਿੰਘ ਦੀ ਪਤਨੀ ਮਨਪ੍ਰੀਤ ਸਿੰਘ ਨੇ ਇਹ ਸਾਰੀ ਸਾਜਿਸ ਆਪਣੇ ਨਾਲ ਦੇ ਗੁਆਂਢੀ ਆਸ਼ਿਕ ਹਰਸਿਮਰਨਜੀਤ ਸਿੰਘ ਉਰਫ ਗੋਰਾ ਨਾਲ ਮਿਲ ਕੇ ਰਚੀ ਸੀ ਕਿਉਂਕਿ ਅਕਸਰ ਬਲਜਿੰਦਰ ਸਿੰਘ ਆਪਣੀ ਪਤਨੀ ਮਨਪ੍ਰੀਤ ਕੌਰ ਦੀ ਕੁੱਟਮਾਰ ਕਰਦਾ ਸੀ ਅਤੇ ਉਹ ਕੰਬਾਈਨ ਦਾ ਕੰਮ ਕਰਦਾ ਸੀ, ਜਿਸ ਕਰਕੇ ਦੋਸੀ ਪਤਨੀ ਮਨਪ੍ਰੀਤ ਕੌਰ ਨੇ ਆਪਣੇ ਆਸ਼ਿਕ ਦੇ ਨਾਲ ਮਿਲ ਆਪਣੇ ਪਤੀ ਨੂੰ ਮਰਵਾਉਣ ਦੀ 5 ਲੱਖ ਰੁਪਏ ਦੇ ਕੇ ਸਾਜ਼ਿਸ਼ ਰਚੀ। ਦੋਵਾਂ ਨੇ ਮਿਲ ਕੇ ਕਰਨ ਸਿੰਘ ਉਰਫ ਨਿਖਿਲ ਨੂੰ 5 ਲੱਖ

ਰੁਪਏ ਦੇ ਬਲਜਿੰਦਰ ਸਿੰਘ ਦੀ ਸੁਪਾਰੀ ਦਿੱਤੀ ਸੀ। ਜਿਸ ਵਿੱਚੋਂ ਕਤਲ ਕਰਨ ਵਾਲੇ ਕਰਨ ਨੂੰ ਹੁਣ ਤੱਕ 1 ਲੱਖ 55 ਹਜਾਰ ਦੇ ਚੁੱਕੇ ਸਨ ਅਤੇ 2 ਜਨਵਰੀ ਨੂੰ ਬਲਜਿੰਦਰ ਸਿੰਘ ਆਪਣੀ ਪਤਨੀ ਨੂੰ ਦੱਸ ਕੇ ਘਰ ਤੋਂ ਸਰਾਬ ਪੀਣ ਲਈ ਆਪਣੇ ਪਿੰਡ ਦੇ ਕੁਝ ਸਾਥੀਆਂ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਮਜਾਲ ਦੇ ਠੇਕੇ 'ਤੇ ਗਿਆ ਸੀ। ਜਿਸ ਦੀ ਜਾਣਕਾਰੀ ਦੋਸੀ ਪਤਨੀ ਮਨਪ੍ਰੀਤ ਕੌਰ ਨੇ ਆਪਣੇ ਆਸ਼ਿਕ ਹਰਸਿਮਰਨਜੀਤ ਨੂੰ ਦਿੱਤੀ ਅਤੇ ਫਿਰ ਹਰਸਿਮਰਨ ਨੇ ਅੱਗੇ ਜਿਸ ਵਿਅਕਤੀ ਨੂੰ ਕਤਲ ਕਰਨ ਲਈ ਪੈਸੇ ਦਿੱਤੇ ਸੀ, ਪਿਸਤੌਲ ਵਾਰਦਾਤ ਵਿੱਚ ਵਰਤੇ ਹੋਏ ਬਰਾਮਦ ਕੀਤੇ ਗਏ ਹਨ। ਇਸ ਸਾਰੇ ਮਾਮਲੇ ਦਾ ਖੁਲਾਸਾ ਕਰਦੇ ਹੋਏ ਐੱਸ. ਐੱਸ. ਪੀ. ਪਟਿਆਲਾ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਜਿਸ ਵਿਅਕਤੀ ਦੀ ਅੱਖ 'ਤੇ ਗੋਲੀ ਲੱਗ ਕੇ ਦੂਜੇ ਬੰਦਾ ਬਲਜਿੰਦਰ ਸਿੰਘ ਦੀ ਗਰਦਨ ਵਿਚ ਜਾ ਵੱਜੀ ਸੀ। ਵੱਡਾ ਖੁਲਾਸਾ ਇਹ ਹੋਇਆ ਹੈ ਕਿ ਬਲਜਿੰਦਰ ਸਿੰਘ ਦੀ ਪਤਨੀ ਮਨਪ੍ਰੀਤ ਸਿੰਘ ਨੇ ਇਹ ਸਾਰੀ ਸਾਜਿਸ ਆਪਣੇ ਨਾਲ ਦੇ ਗੁਆਂਢੀ ਆਸ਼ਿਕ ਹਰਸਿਮਰਨਜੀਤ ਸਿੰਘ ਉਰਫ ਗੋਰਾ ਨਾਲ ਮਿਲ ਕੇ ਕਰਨ ਨੂੰ ਉਸ ਨੂੰ ਇਹ ਸਾਰੀ ਜਾਣਕਾਰੀ ਦਿੱਤੀ ਅਤੇ ਆਖਿਆ ਕਿ ਇਸ ਤੋਂ ਵਧੀਆ ਮੌਕਾ ਹੋਰ ਕੋਈ ਨਹੀਂ ਹੋਵੇਗਾ। ਜਿਵੇਂ ਹੀ ਬਲਜਿੰਦਰ ਸਿੰਘ ਅਤੇ ਉਸ ਦੇ ਸਾਥੀ ਸਰਾਬ ਦੇ ਠੇਕੇ 'ਤੇ ਪਹੁੰਚਦੇ ਹਨ ਤਾਂ ਕਰਨ ਉਰਫ ਨਿਖਿਲ ਉਨ੍ਹਾਂ 'ਤੇ ਗੋਲੀਆਂ ਚਲਾ ਦਿੰਦਾ ਹੈ। ਪੁਲਸ ਨੇ ਹੁਣ ਤਿੰਨੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਿਨ੍ਹਾਂ 'ਤੇ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਨ੍ਹਾਂ ਕੋਲੋਂ ਪੁਲਸ ਨੂੰ ਹੁਣ ਤੱਕ ਵਾਰਦਾਤ ਦੇ ਵਿੱਚ ਵਰਤਿਆ ਹੋਇਆ ਮੋਟਰਸਾਈਕਲ ਅਤੇ ਇਕ ਪਿਸਤੌਲ 32 ਬੋਰ ਸਮੇਤ ਜ਼ਿੰਦਾ ਕਾਰਤੂਸ 6 ਅਤੇ ਇਕ ਪਿਸਤੌਲ 315 ਬੋਰ ਸਮੇਤ 4 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।

ਚੋਰਾਂ ਨੇ ਬੰਦ ਪਏ ਘਰ 'ਚੋਂ 15 ਤੋਲੇ ਸੋਨੇ ਦੇ ਗਹਿਣੇ, 2 ਕਿਲੋ ਚਾਂਦੀ ਅਤੇ 35 ਹਜਾਰ ਰੁਪਏ ਕੀਤੇ ਚੋਰੀ

ਦੀਨਾਨਗਰ 2 ਅਕਤੂਬਰ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸਨ ਬਹਿਰਾਮਪੁਰ ਦੇ ਇਲਾਕੇ ਅੰਦਰ ਨਿੱਤ ਦਿਨ ਚੋਰੀ ਦੀਆਂ ਘਟਨਾ ਵੱਧਣ ਕਾਰਨ ਲੋਕਾਂ ਵਿੱਚ ਚੋਰਾਂ ਦੀ ਦਹਿਸ਼ਤ ਵਾਲਾ ਮਾਹੌਲ ਪਾਇਆ ਜਾ ਰਿਹਾ ਹੈ। ਤਾਜਾ ਮਾਮਲਾ ਥਾਣਾ ਬਹਿਰਾਮਪੁਰ ਦੇ ਪਿੰਡ ਮਰਾੜਾ ਤੋਂ ਸਾਹਮਣੇ ਆਇਆ ਹੈ, ਜਿਥੇ ਚੋਰਾਂ ਨੇ ਇੱਕ ਬੰਦ ਘਰ ਵਿੱਚੋਂ 15 ਤੋਲੇ ਸੋਨਾ, 2 ਕਿਲੋ ਚਾਂਦੀ ਅਤੇ 35 ਹਜਾਰ ਰੁਪਏ ਦੀ ਨਕਦੀ ਚੋਰੀ ਕਰ ਲਈ ਹੈ। ਪਰਿਵਾਰਕ ਮੈਂਬਰਾ ਨੇ ਦੱਸਿਆ ਕਿ ਉਹ ਆਪਣੇ ਲੜਕੇ ਦੀਪਕ ਕੋਲ ਚੰਡੀਗੜ੍ਹ ਗਏ ਸੀ ਅਤੇ ਜਦੋਂ ਸਾਮ 7 ਵਜੇ ਦੇ ਕਰੀਬ ਘਰ ਪਹੁੰਚੇ ਤਾਂ ਗੇਟ ਦਾ ਤਾਲਾ ਖੁੱਲ੍ਹਿਆ ਹੋਇਆ ਸੀ।

ਸਾਡੇ ਕਮਰਿਆਂ ਦੇ ਦਰਵਾਜੇ ਟੁੱਟੇ ਹੋਏ ਸਨ, ਘਰ ਵਿੱਚ ਰੱਖੀ ਅਲਮਾਰੀ ਦੇ ਤਾਲੇ ਵੀ ਟੁੱਟੇ ਹੋਏ ਸਨ ਅਤੇ ਬੈੱਡ ਵਿੱਚ ਰੱਖਿਆ ਸਾਮਾਨ ਵੀ ਖਿੱਲਰਿਆ ਪਿਆ ਸੀ ਤਾਂ ਚੋਰਾਂ ਨੇ ਅੰਦਰ ਰੱਖਿਆ 15 ਤੋਲੇ ਸੋਨਾ, 2 ਕਿਲੋ ਚਾਂਦੀ ਅਤੇ 35 ਹਜਾਰ ਰੁਪਏ ਚੋਰੀ ਕਰ ਲਿਆ ਹੈ। ਇਸ ਸਬੰਧੀ ਥਾਣਾ ਬਹਿਰਾਮਪੁਰ ਵਿਖੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਧਰ ਇਸ ਸੰਬੰਧੀ ਜਦੋਂ ਥਾਣਾ ਮੁਖੀ ਬਹਿਰਾਮਪੁਰ ਓਕਾਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮੌਕੇ ਤੇ ਪਹੁੰਚ ਕੇ ਸਾਰੀ ਘਟਨਾ ਦਾ ਜਾਇਜਾ ਲਿਆ ਗਿਆ ਹੈ ਅਤੇ ਇਸ ਸਬੰਧੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ

ਬਠਿੰਡਾ 'ਚ ਵਾਪਰੇ ਦੋਹਰੇ ਕਤਲ ਕਾਂਡ ਵਿਚ ਸਨਸਨੀਖੇਜ ਖੁਲਾਸਾ, ਸਾਹਮਣੇ ਆਇਆ ਹੈਰਾਨ ਕਰਨ ਵਾਲਾ ਸੱਚ

ਬਠਿੰਡਾ 13 ਜਨਵਰੀ। ਲਗਭਗ 24 ਘੰਟੇ ਪਹਿਲਾਂ ਜ਼ਿਲ੍ਹੇ ਦੇ ਪਿੰਡ ਬਦਿਆਲਾ ਵਿਚ ਦੇਰ ਰਾਤ ਇਕ ਬਜੁਰਗ ਜੋੜੇ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਪੁਲਸ ਨੇ ਕੁਝ ਹੀ ਘੰਟਿਆਂ ਵਿਚ ਹੀ ਇਸ ਕੇਸ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ, ਜਿਸ ਵਿਚ ਕਾਤਲ ਕੋਈ ਹੋਰ ਨਹੀਂ ਸਗੋਂ ਮ੍ਰਿਤਕ ਕਿਆਸ ਸਿੰਘ (66) ਦਾ ਭਰਾ ਵਿਕਰਮ ਸਿੰਘ ਨਿਕਲਿਆ, ਜਿਸ ਨੇ ਆਪਣੇ ਭਰਾ ਅਤੇ ਭਰਜਾਈ ਦਾ ਕਤਲ ਕੀਤਾ। ਜਮੀਨੀ ਵਿਵਾਦ ਦੇ ਚੱਲਦੇ ਉਸ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ। ਘਟਨਾ ਸਮੇਂ

ਕਾਤਲ ਵਿਕਰਮ ਸਿੰਘ ਆਪਣੇ ਵੱਡੇ ਭਰਾ ਕਿਆਸ ਸਿੰਘ ਦੇ ਘਰ ਗਿਆ, ਜਦੋਂ ਉਸਦਾ ਭਰਾ ਦੁੱਧ ਲੈਣ ਗਿਆ ਹੋਇਆ ਸੀ। ਉਸਨੇ ਇਸ ਦੌਰਾਨ ਆਪਣੀ ਭਾਬੀ ਅਮਰਜੀਤ ਕੌਰ (62) ਦਾ ਕਤਲ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਉਹ ਲੁਕ ਕੇ ਬੈਠ ਗਿਆ। ਜਿਵੇਂ ਹੀ ਉਸਦਾ ਭਰਾ ਦੁੱਧ ਲੈ ਕੇ ਵਾਪਸ ਆਇਆ, ਵਿਕਰਮ ਸਿੰਘ ਨੇ ਤੇਜਧਾਰ ਹਥਿਆਰ ਨਾਲ ਉਸਦਾ ਵੀ ਕਤਲ ਕਰ ਦਿੱਤਾ। ਸੱਚਾਈ ਨੂੰ ਲੁਕਾਉਣ ਲਈ ਉਸਨੇ ਆਪਣੇ ਹੱਥਿਆਰ ਸੀਵਰੇਜ ਵਿਚ ਸੁੱਟ ਦਿੱਤੇ ਅਤੇ ਆਪਣੇ ਕੱਪੜੇ ਬਦਲ ਲਏ ਤਾਂ ਜੋ ਕਿਸੇ ਨੂੰ ਸ਼ੱਕ ਨਾ ਹੋਵੇ। ਮ੍ਰਿਤਕ ਕਿਆਸ ਸਿੰਘ ਦੇ ਪੁੱਤਰ ਅਤੇ ਨੂੰਹ ਜੋ ਕੇਂਦਰੀ ਸੁਰੱਖਿਆ ਬਲ ਵਿਚ ਦੇਸ ਦੀ ਰੱਖਿਆ ਕਰ ਰਹੇ ਹਨ, ਨੇ ਆਪਣੇ ਮਾਤਾ-ਪਿਤਾ ਨੂੰ ਫੋਨ ਕੀਤਾ ਪਰ ਫੋਨ ਨਹੀਂ ਚੁਕਿਆ। ਫਿਰ ਉਨ੍ਹਾਂ ਨੇ ਗੁਆਂਢੀਆਂ ਨੂੰ ਫੋਨ ਕੀਤਾ, ਜਿੱਥੋਂ ਪਤਾ ਲੱਗਾ ਕਿ ਉਨ੍ਹਾਂ ਦੇ ਮਾਤਾ-ਪਿਤਾ ਦਾ ਕਤਲ ਹੋ ਗਿਆ ਹੈ।

ਪੰਜਾਬ ਦੇ ਸਰਕਾਰੀ ਮੁਲਾਜਮਾਂ ਲਈ ਵੱਡੀ ਖੁਸ਼ਖਬਰੀ

ਮੋਹਾਲੀ 13 ਜਨਵਰੀ। ਪੰਜਾਬ ਦੇ ਸਰਕਾਰੀ ਮੁਲਾਜਮਾਂ ਲਈ ਵੱਡੀ ਖੁਸ਼ਖਬਰੀ ਹੈ। ਦਰਅਸਲ ਮੁੱਖ ਮੰਤਰੀ ਭਗਵੰਤ ਮਾਨ ਨੇ ਮੋਹਾਲੀ 'ਚ ਅਧਿਕਾਰੀਆਂ ਨੂੰ ਸਰਕਾਰੀ ਰਿਹਾਇਸ਼ ਦੇਣ ਲਈ ਗਮਾਡਾ ਤੋਂ 167 ਫਲੈਟ ਖਰੀਦੇ ਹਨ। ਜਾਣਕਾਰੀ ਮੁਤਾਬਕ ਬੀਤੇ ਦਿਨ ਡਿਪਟੀ ਕਮਿਸਨਰ ਆਸ਼ਿਕਾ ਜੈਨ ਨੇ ਮੋਹਾਲੀ ਵਿਖੇ ਪੂਰਬ ਪ੍ਰੀਮੀਅਮ ਅਪਾਰਟਮੈਂਟਸ ਦਾ ਦੌਰਾ ਕਰਕੇ ਭਗਵੰਤ ਮਾਨ ਸਰਕਾਰ ਵਲੋਂ ਖਰੀਦੇ ਗਏ ਫਲੈਟਾਂ ਦਾ ਜਾਇਜਾ ਲਿਆ। ਇਨ੍ਹਾਂ ਫਲੈਟਾਂ ਦਾ ਜਾਇਜਾ ਲੈਣ ਉਪਰੰਤ ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਾਲ ਹੀ 'ਚ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਤੋਂ ਕਰੀਬ 167 ਟਾਈਪ 3 ਅਤੇ ਟਾਈਪ 2 ਫਲੈਟ ਖਰੀਦੇ ਗਏ ਹਨ, ਜੋ ਜਲਦੀ ਹੀ ਸੂਬਾ ਸਰਕਾਰ ਅਤੇ ਜ਼ਿਲ੍ਹਾ ਪ੍ਰਸਾਸਨ ਨੂੰ ਸੌਂਪੇ ਜਾਣਗੇ। ਉਨ੍ਹਾਂ ਦੱਸਿਆ ਕਿ ਪ੍ਰਸਾਸਨਿਕ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਦੀ ਟੀਮ ਨਾਲ ਇਨ੍ਹਾਂ ਫਲੈਟਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਦੌਰਾ ਕੀਤਾ ਗਿਆ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਸਰਕਾਰੀ ਮਕਾਨਾਂ ਦੀ ਮੰਗ ਅਨੁਸਾਰ ਸਾਰੀਆਂ

ਲੋੜੀਂਦੀਆਂ ਲੋੜਾਂ ਦੀ ਜਾਂਚ ਕਰਨ ਲਈ ਕਿਹਾ ਗਿਆ। ਲੋਕ ਨਿਰਮਾਣ ਵਿਭਾਗ ਦੀ ਟੀਮ 'ਚ ਸਿਵਲ ਅਤੇ ਇਲੈਕਟ੍ਰੀਕਲ ਵਿੰਗ ਦੇ ਅਧਿਕਾਰੀਆਂ ਤੋਂ ਇਲਾਵਾ ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ ਦੇ ਅਧਿਕਾਰੀ ਵੀ ਸਾਮਲ ਸਨ। ਡਿਪਟੀ ਕਮਿਸਨਰ ਨੇ ਕਿਹਾ ਕਿ ਮੋਹਾਲੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਸਰਕਾਰੀ ਰਿਹਾਇਸ ਦੀ ਮੰਗ ਨੂੰ ਪੰਜਾਬ ਸਰਕਾਰ ਦੀ ਪਹਿਲ ਕਦਮੀ ਨਾਲ ਜਲਦੀ ਹੀ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਅਰਜੀਆਂ ਦੀ ਮੰਗ ਕੀਤੀ ਗਈ ਹੈ ਤਾਂ ਜੋ ਉਨ੍ਹਾਂ ਦੀਆਂ ਅਰਜੀਆਂ ਨੂੰ ਸੂਬਾ ਸਰਕਾਰ ਦੇ ਮਕਾਨ ਅਲਾਟਮੈਂਟ ਨਿਯਮਾਂ ਅਨੁਸਾਰ ਵਿਚਾਰਿਆ ਜਾ ਸਕੇ। ਜ਼ਿਲ੍ਹਾ ਅਧਿਕਾਰੀਆਂ ਤੋਂ ਇਲਾਵਾ ਪੰਜਾਬ ਸਰਕਾਰ ਦੇ ਆਮ ਪ੍ਰਸਾਸਨ ਵਿਭਾਗ ਵੱਲੋਂ ਸੂਬਾਈ ਅਧਿਕਾਰੀਆਂ ਨੂੰ ਵੀ ਕੁੱਝ ਫਲੈਟ ਅਲਾਟ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਨਾਲ ਏ. ਡੀ. ਸੀ. ਵਿਰਾਜ ਐੱਸ ਤਿੜਕੇ, ਐੱਸ. ਡੀ. ਐੱਮ. ਦਮਨਦੀਪ ਕੌਰ, ਸਹਾਇਕ ਕਮਿਸਨਰ ਡਾ. ਅੰਕਿਤਾ ਕਾਂਸਲ ਵੀ ਮੌਜੂਦ ਸਨ।

ਚੋਰਾਂ ਦਾ ਹੈਰਾਨੀਜਨਕ ਕਾਰਨਾਮਾ: ਚੋਰਾਂ ਵਲੋਂ ਟਰਾਂਸਫਾਰਮਰ ਚੋਰੀ, 25 ਦਿਨਾਂ ਤੋਂ ਨਹੀਂ ਆਈ ਬਿਜਲੀ

ਨੈਸਨਲ ਡੈਸਕ 13 ਜਨਵਰੀ। ਉੱਤਰ ਪ੍ਰਦੇਸ ਦੇ ਬਦੌਣ ਜ਼ਿਲ੍ਹੇ ਦੇ ਉਘੈਤੀ ਇਲਾਕੇ ਦੇ ਸੋਰਾਹਾ ਪਿੰਡ ਦੇ ਲੋਕ 14 ਦਸੰਬਰ ਤੋਂ 250 ਕੇਵੀਏ ਟ੍ਰਾਂਸਫਾਰਮਰ ਦੀ ਚੋਰੀ ਹੋਣ ਤੋਂ ਬਾਅਦ ਬਿਜਲੀ ਦੇ ਬਿਨਾਂ ਰਹਿ ਰਹੇ ਹਨ। ਸਥਾਨਕ ਲੋਕਾਂ ਅਤੇ ਅਧਿਕਾਰੀਆਂ ਦੇ ਅਨੁਸਾਰ ਚੋਰਾਂ ਨੇ ਨੇੜਲੇ ਖੇਤਾਂ ਵਿੱਚੋਂ ਟ੍ਰਾਂਸਫਾਰਮਰ ਨੂੰ ਪੁੱਟ ਦਿੱਤਾ, ਜਿਸ ਤੋਂ ਬਾਅਦ ਉਹ ਉਸ ਦੇ ਪੁਰਜੇ ਅਤੇ ਹੋਰ ਕੀਮਤੀ ਸਮਾਨ ਚੋਰੀ ਕਰ ਲਿਆ ਅਤੇ ਮੌਕੇ ਤੋਂ ਫਰਾਰ ਹੋ ਗਏ। ਬਿਜਲੀ ਵਿਭਾਗ ਨੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ। ਚੋਰੀ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਬਿਜਲੀ ਵਿਭਾਗ ਨੇ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਪਰ 25 ਦਿਨ ਬੀਤ ਜਾਣ ਤੋਂ ਬਾਅਦ ਵੀ

ਪਿੰਡ ਵਿੱਚ ਕੋਈ ਨਵਾਂ ਟ੍ਰਾਂਸਫਾਰਮਰ ਨਹੀਂ ਲਗਾਇਆ ਗਿਆ। ਇਸ ਨਾਲ ਪਿੰਡ ਵਾਸੀਆਂ ਵਿੱਚ ਨਿਰਾਸਾ ਵਧ ਰਹੀ ਹੈ, ਜਿਨ੍ਹਾਂ ਨੂੰ ਹੁਣ ਬਿਜਲੀ ਦੀ ਘਾਟ ਕਾਰਨ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲਗਭਗ ਪੰਜ ਹਜਾਰ ਦੀ ਆਬਾਦੀ ਵਾਲਾ ਇਹ ਪਿੰਡ ਹਨੇਰੇ ਵਿੱਚ ਡੁੱਬਿਆ ਹੋਇਆ ਹੈ। ਫਰਵਰੀ ਵਿੱਚ ਸ਼ੁਰੂ ਹੋਣ ਵਾਲੀਆਂ ਉੱਤਰ ਪ੍ਰਦੇਸ ਬੋਰਡ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਬਿਜਲੀ ਤੋਂ ਬਿਨਾਂ, ਵਿਦਿਆਰਥੀ ਰਾਤ ਨੂੰ ਪੜ੍ਹਾਈ ਨਹੀਂ ਕਰ ਸਕਦੇ, ਜਿਸ ਨਾਲ ਉਨ੍ਹਾਂ ਦਾ ਭਵਿੱਖ ਖਤਰੇ ਵਿੱਚ ਪੈ ਰਿਹਾ ਹੈ। ਪਿੰਡ ਦੇ ਮੁਖੀ ਸਤਪਾਲ ਸਿੰਘ ਨੇ ਕਿਹਾ, "ਬਿਜਲੀ ਦੀ ਘਾਟ ਕਾਰਨ ਬੱਚਿਆਂ ਦੀ ਪੜ੍ਹਾਈ ਅਤੇ ਪਿੰਡ ਵਾਸੀਆਂ ਦਾ ਰੋਜਾਨਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ।

ਫਾਜਿਲਕਾ ਪੁਲਸ ਨੂੰ ਵੱਡੀ ਸਫਲਤਾ, ਨਸ਼ੀਲੀਆਂ ਗੋਲੀਆਂ ਤੇ ਡਰੱਗ ਮਨੀ ਸਣੇ 4 ਗ੍ਰਿਫ਼ਤਾਰ

ਫਾਜਲਿਕਾ 2 ਅਕਤੂਬਰ। ਨਸਾ ਤਸਕਰਾਂ ਖ਼ਿਲਾਫ ਚਲਾਈ ਵਿਸੇਸ ਮੁਹਿੰਮ ਤਹਿਤ ਫਾਜ਼ਿਲਕਾ ਪੁਲਸ ਨੂੰ ਵੱਡੀ ਸਫਲਤਾ ਹਾਸਲ ਕਰਦੇ ਹੋਏ 4 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਤਹਿਤ ਇਕ ਟਰੱਕ 'ਚੋਂ ਵੱਡੀ ਮਾਤਰਾ 'ਚ ਨਸ਼ੀਲੀਆਂ ਗੋਲੀਆਂ ਅਤੇ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਜਾਣਕਾਰੀ ਮੁਤਾਬਕ ਥਾਣਾ ਸਦਰ ਜਲਾਲਾਬਾਦ ਦੀ ਟੀਮ ਜਦੋਂ ਬੱਸ ਅੱਡਾ ਪਿੰਡ ਸੁਖੇਰਾ ਬੋਦਲਾ ਵਿਖੇ ਗਸ਼ਤ 'ਤੇ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਜੂ ਰਾਮ ਪੁੱਤਰ ਸੁੱਖ ਰਾਮ ਵਾਸੀ ਅਤੇ 10 ਹੋਰ ਸਾਥੀਆਂ ਨਾਲ ਨਸ਼ੀਲੀਆਂ ਗੋਲੀਆਂ ਵੇਚਦਾ ਹੈ। ਉਹ ਸਾਰੇ ਟਰੱਕ ਰਾਹੀਂ ਬਾਹਰਲੇ ਸੂਬਿਆਂ ਤੋਂ ਨਸੀਲੀਆਂ ਗੋਲੀਆਂ ਲਿਆ ਕੇ ਫਾਜ਼ਿਲਕਾ-ਫਿਰੋਜਪੁਰ ਰੋਡ ਪਿੰਡ ਲਮੋਚੜ ਕਲਾਂ ਲੰਘ ਕੇ ਪਿੰਡ ਮੌਜੇ ਵਾਲਾ ਨੂੰ ਜਾਂਦੀ ਨਹਿਰ ਦੇ ਨਾਲ ਜਾਂਦੀ ਲਿੰਕ ਸੜਕ ਪਰ ਖੜ੍ਹ ਕੇ ਨਸੀਲੀਆਂ ਗੋਲੀਆਂ ਦੇ ਡੱਬੇ ਵੰਡ ਰਹੇ ਹਨ। ਇਹ ਨਸ਼ੀਲੀਆਂ ਗੋਲੀਆਂ ਉਨ੍ਹਾਂ ਨੇ ਬੋਲੈਰੋ ਗੱਡੀ 'ਤੇ ਲੋਡ ਕਰਕੇ ਅੱਗੇ ਲਿਜਾਣੀਆਂ ਹਨ। ਉਸ ਦਾ ਡਰਾਈਵਰ ਵਰਿ

ਵਿਆਹ ਤੋਂ ਇਕ ਦਿਨ ਪਹਿਲਾਂ ਰੂਹ ਕੰਬਾਊ ਵਾਰਦਾਤ: ਲਾੜੀ ਦਾ ਕਤਲ ਕਰ ਸਾੜ 'ਤੀ ਲਾਸ਼

ਕੌਮੀ ਪਤ੍ਰਿਕਾ

ਹਿਮਾਚਲ 2 ਅਕਤੂਬਰ। ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ 24 ਸਾਲਾ ਕੁੜੀ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਉਸ ਦਾ ਬੇਰਹਿਮੀ ਨਾਲ ਕਤਲ ਕਰ ਦੇਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ। 24 ਸਾਲਾ ਅੰਸ਼ਿਕਾ ਠਾਕੁਰ ਦਾ ਵਿਆਹ ਬੁੱਧਵਾਰ ਨੂੰ ਹੋਣਾ ਸੀ ਪਰ ਮੰਗਲਵਾਰ ਨੂੰ ਉਸਦੀ ਅੰਸ਼ਕ ਤੌਰ 'ਤੇ ਸੜੀ ਹੋਈ ਲਾਸ਼ ਉਸਦੇ ਘਰ ਤੋਂ ਥੋੜ੍ਹੀ ਦੂਰੀ 'ਤੇ ਬਰਾਮਦ ਹੋਈ। ਇਸ ਘਟਨਾ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਹੈ ਅਤੇ ਪੁਲਸ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਦੱਸ ਦੇਈਏ ਕਿ ਦਿਲ ਦਹਿਲਾ ਦੇਣ ਵਾਲੀ ਇਹ ਘਟਨਾ ਊਨਾ ਜ਼ਿਲ੍ਹੇ ਦੇ ਬੰਗਾਨਾ ਸਬ-ਡਿਵੀਜ਼ਨ ਦੇ ਬੈਰੀਆਂ ਪਿੰਡ ਵਿੱਚ ਵਾਪਰੀ ਹੈ। ਅੰਸ਼ਿਕਾ ਦੇ ਵਿਆਹ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ 'ਤੇ ਸਨ। ਉਸਦਾ ਵਿਆਹ 2 ਅਕਤੂਬਰ, ਬੁੱਧਵਾਰ ਨੂੰ ਭਿੰਡਲਾ ਪਿੰਡ ਦੇ ਇੱਕ ਨੌਜਵਾਨ ਨਾਲ ਹੋਣਾ ਸੀ। ਘਰ-ਪਰਿਵਾਰ ਵਿਚ ਖੁਸ਼ੀਆਂ ਵਾਲਾ ਮਾਹੌਲ ਬਣਿਆ ਪਿਆ ਸੀ ਪਰ ਮੰਗਲਵਾਰ ਨੂੰ ਇੱਕ ਜੰਗਲਾਤ ਗਾਰਡ ਨੂੰ ਬੈਰੀਆਂ-ਰਾਮਨਗਰ ਸੜਕ ਦੇ ਕਿਨਾਰੇ ਇੱਕ ਸੜੀ ਹੋਈ ਲਾਸ਼ ਮਿਲੀ। ਉਸਨੇ ਤੁਰੰਤ ਝੋਲ ਪੁਲਸ ਸਟੇਸ਼ਨ ਨੂੰ ਸੂਚਿਤ ਕੀਤਾ। ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕੀਤੀ। ਇਸ ਦੌਰਾਨ ਪੁਲਸ ਨੂੰ ਪਤਾ ਲੱਗਾ ਕਿ ਇਹ ਅੰਸ਼ਿਕਾ ਦੀ ਲਾਸ਼ ਹੈ। ਲਾਸ਼ ਤੋਂ ਸਾਫ਼ ਪਤਾ ਲੱਗਿਆ ਕਿ ਉਸਦੀ ਬੇਰਹਿਮੀ ਨਾਲ ਹੱਤਿਆ ਕੀਤੀ ਗਈ ਸੀ। ਕਾਤਲਾਂ ਨੇ ਲਾਸ਼ ਨੂੰ ਸਾੜਨ ਦੀ ਕੋਸ਼ਿਸ਼ ਕੀਤੀ ਸੀ। ਅੰਸ਼ਿਕਾ ਦੇ ਚਿਹਰੇ ਅਤੇ ਗਰਦਨ 'ਤੇ ਡੂੰਘੇ ਜ਼ਖ਼ਮ ਵੀ ਮਿਲੇ ਹਨ, ਜਿਸ ਤੋਂ ਸਾਬਿਤ ਹੁੰਦਾ ਹੈ ਕਿ ਉਸ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਪੁਲਸ ਸਟੇਸ਼ਨ ਇੰਚਾਰਜ ਅਸ਼ੋਕ ਕੁਮਾਰ ਨੇ ਦੱਸਿਆ ਕਿ ਕੁੜੀ ਦੇ ਕਤਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਅੰਸ਼ਿਕਾ ਨੂੰ ਅੱਧੀ ਰਾਤ ਨੂੰ ਘਰੋਂ ਬਾਹਰ ਕਿਸਨੇ ਬੁਲਾਇਆ ਅਤੇ ਉਸਦੀ ਬੇਰਹਿਮੀ ਨਾਲ ਹੱਤਿਆ ਕਿਉਂ ਕੀਤੀ। ਪੁਲਸ ਨੇ ਇੱਕ ਅਣਪਛਾਤੇ ਵਿਅਕਤੀ ਵਿਰੁੱਧ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਹਰ ਪਹਿਲੂ ਦੀ ਜਾਂਚ ਕਰ ਰਹੀ ਹੈ। ਇਸ ਕਤਲ ਨੂੰ ਸੁਲਝਾਉਣ ਲਈ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਕੇ ਸਬੂਤ ਇਕੱਠੇ ਕਰਨ ਵਿੱਚ ਮਦਦ ਲਈ ਧਰਮਸ਼ਾਲਾ ਤੋਂ ਇੱਕ ਫੋਰੈਂਸਿਕ ਟੀਮ ਨੂੰ ਬੁਲਾਇਆ ਗਿਆ ਹੈ। ਇਸ ਘਟਨਾ ਤੋਂ ਬਾਅਦ ਅੰਸ਼ਿਕਾ ਦਾ ਪਰਿਵਾਰ ਅਤੇ ਪੂਰਾ ਪਿੰਡ ਸੋਗ ਅਤੇ ਡਰ ਦੇ ਮਾਹੌਲ ਵਿਚ ਹੈ। ਜਿਸ ਘਰ ਵਿਚ ਵਿਆਹ ਦੇ ਗੀਤ ਵੱਜਣੇ ਸੀ, ਖ਼ੁੱਸ਼ੀਆਂ ਦਾ ਮਾਹੌਲ ਬਣਨਾ ਸੀ, ਹੁਣ ਮਾਤਮ ਦਾ ਮਾਹੌਲ ਬਣ ਗਿਆ ਹੈ।

ਕੇਂਦਰੀ ਜੇਲ 'ਚ ਵੱਡੀ ਵਾਰਦਾਤ, ਤੇਜ਼ਧਾਰ ਹਥਿਆਰ ਨਾਲ ਕੀਤਾ ਹਮਲਾ

ਪਟਿਆਲਾ 2 ਅਕਤੂਬਰ। ਥਾਣਾ ਤ੍ਰਿਪੜੀ ਪੁਲਸ ਨੇ ਕੇਂਦਰੀ ਜੇਲ 'ਚ ਬੰਦ ਹਵਾਲਾਤੀ ਖਿਲਾਫ ਦੂਜੇ ਹਵਾਲਾਤੀ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ। ਪੁਲਸ ਨੇ ਇਸ ਮਾਮਲੇ 'ਚ ਹਵਾਲਾਤੀ ਮਨੀਸ਼ ਪੁੱਤਰ ਮਿਸ਼ਰੀ ਲਾਲ ਵਾਸ ਪਿੰਡ ਮਹਿਜਾਨਪੁਰ ਆਜਮਗੜ੍ਹ ਹਾਲ ਕਿਰਾਏ ਦਾਰ ਪਿੰਡ ਭਬਾਤ ਥਾਣਾ ਜ਼ੀਰਕਪੁਰ ਜ਼ਿਲਾ ਮੋਹਾਲੀ ਹਾਲ ਕੇਂਦਰੀ ਜੇਲ ਪਟਿਆਲਾ ਨੂੰ ਨਾਮਜ਼ਦ ਕੀਤਾ ਹੈ। ਹਵਾਲਾਤੀ ਗੁਰਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ ਵਾਸੀ ਪਿੰਡ ਨੌਸ਼ਹਿਰਾ ਥਾਣਾ ਸ਼ੰਭੂ ਹਾਲ ਕੇਂਦਰੀ ਜੇਲ ਪਟਿਆਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਕੇਂਦਰੀ ਜੇਲ 'ਚ ਚਾਹ 'ਤੇ ਡਿਊਟੀ ਹਣ ਕਾਰਨ ਉਹ ਭੱਠੀ 'ਤੇ ਗੇੜਾ ਮਾਰਨ ਗਿਆ ਤਾਂ ਭੱਠੀ 'ਚ ਮਨੀਸ਼ ਅਤੇ ਦੀਪ ਬੈਠਾ ਸੀ। ਸ਼ਿਕਾਇਤਕਰਤਾ ਨੇ ਤਿੱਖੇ ਸੂਏ ਨਾਲ ਵਾਰ ਕੀਤਾ ਅਤੇ ਦੀਪ ਨੇ ਉਸ ਦੀਆਂ ਬਾਹਾਂ ਫੜ ਲਈਆਂ। ਮਨੀਸ਼ ਨੇ ਕੜਛੀ ਨਾਲ ਸ਼ਿਕਾਇਤਕਰਤਾ 'ਤੇ ਵਾਰ ਕੀਤਾ। ਪੁਲਸ ਨੇ ਇਸ ਮਾਮਲੇ 'ਚ ਉਕਤ ਵਿਅਕਤੀ ਖਿਲਾਫ 115(2), 118(1), 126(2), 3(5) ਬੀ. ਐੱਨ. ਐੱਸ. ਤਹਿਤ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਯੋਗਾ ਸਰੀਰ, ਮਨ ਅਤੇ ਆਤਮਾ ਨੂੰ ਸੰਤੁਲਿਤ ਕਰਕੇ ਸਾਨੂੰ ਸਕਾਰਾਤਮਕ ਊਰਜਾ ਦਿੰਦਾ ਹੈ: ਰੇਖਾ ਗੁਪਤਾ

Contd.....Front page

ਭਾਰਤੀ ਯੋਗਾ ਸੰਸਥਾ ਦੀ ਟੀਮ ਅਤੇ ਇਸਦੇ ਸਾਰੇ ਅਭਿਆਸੀਆਂ ਨੂੰ ਵਧਾਈ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਦੀ ਤਰੱਕੀ ਅਤੇ ਵਿਸ਼ਵ ਨੇਤਾ ਬਣਨ ਦਾ ਰਸਤਾ ਉਦੋਂ ਹੀ ਪੱਧਰਾ ਹੋਵੇਗਾ ਜਦੋਂ ਹਰ ਨਾਗਰਿਕ ਸਿਹਤਮੰਦ ਹੋਵੇਗਾ। ਯੋਗਾ ਇੱਕ ਅਜਿਹਾ ਅਭਿਆਸ ਹੈ ਜੋ ਸਾਨੂੰ ਮੈਂ ਤੋਂ ਅਸੀਂ, ਭਾਵ ਮੈਂ ਤੋਂ ਅਸੀਂ ਤੱਕ ਲੈ ਜਾਂਦਾ ਹੈ। ਇਸ ਸਮਾਗਮ ਨੂੰ ਵਿਜੇਦਸ਼ਮੀ, ਗਾਂਧੀ ਜਯੰਤੀ ਅਤੇ ਲਾਲ ਬਹਾਦਰ ਸ਼ਾਸਤਰੀ ਜਯੰਤੀ ਵਰਗੇ ਮਹੱਤਵਪੂਰਨ ਮੌਕਿਆਂ ਨਾਲ ਜੋੜਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦਾ ਦਿਨ ਸਾਨੂੰ ਸੱਚਾਈ, ਤਿਆਗ ਅਤੇ ਸੇਵਾ ਲਈ ਵੀ ਪ੍ਰੇਰਿਤ ਕਰਦਾ ਹੈ।

ਸਕੂਲ 'ਚ ਰੁੱਖ ਡਿੱਗਣ ਕਾਰਨ ਬੱਚੀ ਦੀ ਮੌਤ ਮਾਮਲੇ 'ਚ ਵੱਡਾ ਫ਼ੈਸਲਾ, 1.5 ਕਰੋੜ ਮੁਆਵਜ਼ਾ ਦੇਣ ਦੇ ਹੁਕਮ

ਚੰਡੀਗੜ੍ਹ 2 ਅਕਤੂਬਰ। ਚੰਡੀਗੜ੍ਹ ਦੇ ਨਿੱਜੀ ਸਕੂਲ 'ਚ ਦਰੱਖਤ ਡਿੱਗਣ ਕਾਰਨ ਹੋਈ ਬੱਚੀ ਦੀ ਮੌਤ ਦੇ ਮਾਮਲੇ ਸਬੰਧੀ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸੁਣਵਾਈ ਹੋਈ। ਅਦਾਲਤ ਨੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਮ੍ਰਿਤਕ ਬੱਚੀ ਦੇ ਪਿਤਾ ਨੂੰ ਇਕ ਕਰੋੜ ਅਤੇ ਜ਼ਖਮੀ ਵਿਦਿਆਰਥਣ ਨੂੰ 50 ਲੱਖ ਰੁਪਏ ਦਾ ਮੁਆਵਜ਼ਾ ਦੇਣ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਇਸ ਘਟਨਾ ਨੂੰ ਇੰਜੀਨੀਅਰਿੰਗ ਵਿਭਾਗ ਦੀ ਲਾਪਰਵਾਹੀ ਮੰਨਿਆ ਅਤੇ ਪ੍ਰਸ਼ਾਸਨ ਨੂੰ ਸੰਵੇਦਨਹੀਣ ਰਵੱਈਏ ਲਈ ਫਟਕਾਰ ਲਾਈ। ਅਦਾਲਤ ਨੇ ਕਿਹਾ ਕਿ ਉਕਤ ਹਾਦਸਾ ਇਸ ਲਈ ਹੋਇਆ ਕਿਉਂਕਿ ਬੀਮਾਰ ਦਰੱਖਤ ਦੀ ਵਿਗਿਆਨਕ ਜਾਂਚ ਨਹੀਂ ਕਰਾਈ ਗਈ। ਅਦਾਲਤ ਨੇ ਪ੍ਰਸ਼ਾਸਨ ਨੂੰ ਜ਼ਖਮੀ ਵਿਦਿਆਰਥਣ ਦਾ ਪੂਰਾ ਇਲਾਜ ਅਤੇ ਟਰਾਂਸਪਲਾਂਟ ਸਰਜਰੀ ਤੱਕ ਦਾ ਖ਼ਰਚਾ ਚੁੱਕਣ ਦਾ ਹੁਕਮ ਦਿੱਤਾ। ਅਦਾਲਤ ਨੇ ਕਿਹਾ ਕਿ ਇਕ ਪਰਿਵਾਰ ਆਪਣੀ ਧੀ ਨੂੰ ਹਮੇਸ਼ਾ ਲਈ ਖੋਹ ਚੁੱਕਾ ਹੈ ਅਤੇ ਦੂਜੀ ਬੱਚੀ ਦਾ ਭਵਿੱਖ ਪ੍ਰਭਾਵਿਤ ਹੋਇਆ ਹੈ। ਇਹ ਨੁਕਸਾਨ ਕਦੇ ਪੂਰਾ ਨਹੀਂ ਹੋ ਸਕਦਾ ਪਰ ਨਿਆ ਵਿਵਸਥਾ ਨੂੰ ਸੰਵੇਦਨਸ਼ੀਲ ਰਹਿਣਾ ਹੋਵੇਗਾ। ਦੱਸਣਯੋਗ ਹੈ ਕਿ ਇਹ ਘਟਨਾ 8 ਜੁਲਾਈ, 2022 ਨੂੰ ਵਾਪਰੀ ਸੀ। ਇੱਥੇ ਇਕ ਨਿੱਜੀ ਸਕੂਲ 'ਚ ਇਕ ਵੱਡਾ ਦਰੱਖਤ ਡਿੱਗਣ ਕਾਰਨ ਇਕ ਵਿਦਿਆਰਥਣ ਦੀ ਮੌਤ ਹੋ ਗਈ ਸੀ, ਜਦੋਂ ਕਿ ਇਕ ਬੱਚੀ ਦੀ ਬਾਂਹ ਹਾਦਸੇ 'ਚ ਟੁੱਟ ਗਈ ਸੀ। ਪਟੀਸ਼ਨਕਰਤਾਵਾਂ ਨੂੰ ਮੁਆਵਜ਼ਾ ਦੇਣ ਦਾ ਸਿਫ਼ਾਰਿਸ਼ ਕਰਨ ਵਾਲੀ ਰਿਪੋਰਟ 30 ਦਸੰਬਰ, 2022 ਨੂੰ ਪੇਸ਼ ਕੀਤੀ ਗਈ ਸੀ। ਮ੍ਰਿਤਕ ਬੱਚੀ ਦੇ ਪਿਤਾ ਨੂੰ ਸਿਰਫ 20 ਲੱਖ ਅਤੇ ਜ਼ਖਮੀ ਬੱਚੀ ਨੂੰ 10 ਲੱਖ ਰੁਪਏ ਮੁਆਵਜ਼ਾ ਦਿੱਤਾ ਗਿਆ ਸੀ।

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Change My Name To Swaran Kaur Baweja For All Purpose.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOT

ਦਿਆਲਤਾ, ਪ੍ਰਸੰਨਤਾ ਤੇ ਕਰੂਰਤਾ

● ਰੋਜ਼ੀ ਸਿੰਘ
99889-64633

ਦੁਨੀਆ ਖ਼ੂਬਸੂਰਤ ਹੈ। ਕੁਦਰਤ ਨੇ ਪੂਰੀ ਕਾਇਨਾਤ ਨੂੰ ਦਿਲਕਸ਼ ਨਜ਼ਾਰਿਆਂ, ਹਰੇ ਭਰੇ ਜੰਗਲਾਂ, ਉੱਚੇ-ਵੱਡੇ ਪਹਾੜਾਂ, ਕਲ-ਕਲ ਕਰਦੇ ਝਰਨਿਆਂ, ਨਦੀਆਂ, ਦਰਿਆਵਾਂ, ਉਪਜਾਊ ਮੈਦਾਨਾਂ, ਹਜ਼ਾਰਾਂ ਕਿਸਮ ਦੇ ਫੁੱਲ ਬੂਟਿਆਂ, ਰੰਗ ਬੇਰੰਗੇ ਮੌਸਮਾਂ ਨਾਲ ਸਜਾਇਆ ਹੈ ਅਤੇ ਇਹ ਖ਼ੂਬਸੂਰਤ ਨਜ਼ਾਰੇ ਕਿਸੇ ਵੀ ਭੇਦ-ਭਾਵ, ਰੰਗ-ਨਸਲ, ਜਾਤ ਕੌਮ ਦੇ ਰੌਲੇ ਤੋਂ ਵਿਰਵੇ ਸਾਰੀ ਮਨੁੱਖਤਾ ਲਈ ਸਾਂਝੇ ਹਨ। ਦਿਨ ਅਤੇ ਰਾਤ ਦੀ ਖ਼ੂਬਸੂਰਤ ਵੰਡ ਨਾਲ ਦਿਨ ਦੀ ਸ਼ੁਰੂਆਤ ਅਤੇ ਅੰਤ ਹੁੰਦਾ ਹੈ। ਠੰਢੀ ਸਵੇਰ, ਤਿੱਖੜ ਦੁਪਹਿਰ ਅਤੇ ਸਾਂਵਲੀ ਸ਼ਾਮ ਜੀਵਨ ਫਲਸਫ਼ੇ ਨੂੰ ਦਰਸਾਉਂਦੇ ਤਿੰਨ ਪੜਾਅ ਹਨ। ਚੰਗੇ ਲੋਕ ਕੁਦਰਤ ਦੀਆਂ ਇਨ੍ਹਾਂ ਸਾਰੀਆਂ ਨਿਆਮਤਾਂ ਵਾਂਗ ਸਹਿਜਤਾ ਅਤੇ ਪ੍ਰੇਮ ਭਾਵਨਾ ਦੇ ਨਾਲ, ਬਿਨਾਂ ਕਿਸੇ ਕਾਹਲ, ਸਬਰ ਅਤੇ ਸੰਪੂਰਨਤਾ ਦੇ ਅਹਿਸਾਸ ਨਾਲ ਭਰੇ ਆਪਣੇ ਰਾਹਾਂ 'ਤੇ ਤੁਰੇ ਰਹਿੰਦੇ ਹਨ। ਚੰਗੇ ਵਿਅਕਤੀ ਕੋਲ ਚੰਗੇ ਲੋਕਾਂ ਦਾ ਆਉਣਾ ਜਾਣਾ ਲੱਗਾ ਹੀ ਰਹਿੰਦਾ ਹੈ। ਚੰਗਾ ਉਹ ਹੈ ਜੋ ਨਾ ਸਿਰਫ਼ ਚੰਗੇ ਕੰਮ ਕਰੇ ਸਗੋਂ ਚੰਗੇ ਸਮਾਜ ਦੀ ਕਲਪਨਾ ਦੇ ਦ੍ਰਿੜ ਸੰਕਲਪ ਦਾ ਧਾਰਨੀ ਹੋਵੇ। ਚੰਗਾ ਸਮਾਜ ਤਾਂ ਹੀ ਸਿਰਜਿਆ ਜਾ ਸਕਦਾ ਹੈ ਜੇਕਰ ਇਸ ਦੀ ਸ਼ੁਰੂਆਤ ਆਪਣੇ ਘਰ ਤੋਂ ਕੀਤੀ ਜਾਵੇ।ਦਿਆਲੂ ਮਨੁੱਖ ਨਾ ਸਿਰਫ਼ ਖ਼ੁਦ ਚੰਗਾ ਹੁੰਦਾ ਹੈ ਸਗੋਂ ਦੂਜਿਆਂ ਲਈ ਚੰਗੇ ਬਣਨ ਲਈ ਪ੍ਰੇਰਨਾ ਸਰੋਤ ਬਣਦਾ ਹੈ। ਭੈੜੇ ਵਿਅਕਤੀ ਭੀੜ ਵਿੱਚੋਂ ਵੀ ਪਛਾਣੇ ਜਾਂਦੇ ਹਨ ਕਿਉਂ ਜੋ ਉਹ ਭੀੜ ਨੂੰ ਵੀ ਓਸੇ ਰਾਹ ਤੁਰਨ ਲਈ ਹੱਲਾਸ਼ੇਰੀ ਦਿੰਦੇ ਦਿਖਾਈ ਦਿੰਦੇ ਹਨ ਜਿਸ ਰਾਹ 'ਤੇ ਉਹ ਆਪ ਤੁਰ ਰਹੇ ਹੁੰਦੇ ਹਨ।

ਚੰਗਾ ਵਿਅਕਤੀ ਕਦੇ ਵੀ ਭੈੜੇ ਮਨੁੱਖ ਕੋਲ ਨਹੀਂ ਜਾਂਦਾ ਸਗੋਂ ਘਟੀਆ ਲੋਕ ਚੰਗਿਆਂ ਨੂੰ ਟਿਕਣ ਨਹੀਂ ਦਿੰਦੇ। ਮਨੁੱਖ ਕੋਲ ਸੋਚਣ ਸ਼ਕਤੀ ਹੋਣ ਦੇ ਬਾਵਜੂਦ ਉਹ ਦੂਜੇ ਮਨੁੱਖਾਂ ਨੂੰ ਕਿਵੇਂ ਮਾਰ ਸਕਦਾ ਹੈ। ਇਹ ਸੋਚ ਕੇ ਹੀ ਰੂਹ ਤਪਣ ਲੱਗ ਪੈਂਦੀ ਹੈ।

ਕਰੂਰਤਾ ਭੈੜੇ ਲੋਕਾਂ ਦਾ ਵੱਡਾ ਅਵਗੁਣ ਹੁੰਦਾ ਹੈ, ਨਿਮਰਤਾ ਅਤੇ ਦਿਆਲਤਾ ਨਾਲ ਅਜਿਹੇ ਲੋਕਾਂ ਦਾ ਕੋਈ ਦੂਰ ਦਾ ਵੀ ਸਬੰਧ ਨਹੀਂ ਹੁੰਦਾ। ਪਰਉਪਕਾਰ ਦੀ ਭਾਵਨਾ ਭੈੜੇ ਲੋਕਾਂ ਦੀ ਜ਼ਿੰਦਗੀ ਵਿੱਚੋਂ ਮਨਫ਼ੀ ਹੁੰਦੀ ਹੈ। ਉਹ ਹਰ ਸ਼ੈਅ ਖੋਹ ਲੈਣ ਦੀ ਭਾਵਨਾ ਨਾਲ ਭਰੇ ਹੁੰਦੇ ਹਨ। ਪਰਉਪਕਾਰੀ ਮਨੁੱਖ ਖ਼ੁਦ ਭੁੱਖਾ ਰਹਿ ਕੇ ਦੂਜਿਆਂ ਦਾ ਢਿੱਡ ਭਰਨ ਵਿਚ ਪ੍ਰਸੰਨਤਾ ਮਹਿਸੂਸ ਕਰਦਾ ਹੈ। ਪ੍ਰਸੰਨ ਵਿਅਕਤੀ ਹਯਾਤੀ ਦੀਆਂ ਸਾਰੀਆਂ ਉਲਝਣਾਂ ਤੋਂ ਨਿਰਲੇਪ ਹੁੰਦਾ ਹੈ। ਉਹ ਦੂਜਿਆਂ ਦੀ ਕਿਸੇ ਵੀ ਤਰ੍ਹਾਂ ਦੀ ਨਿੰਦਿਆ ਚੁਗਲੀ ਤੋਂ ਆਪਣੇ ਆਪ ਨੂੰ ਵੰਚਿਤ ਰੱਖਦਾ ਹੈ। 1988 ਵਿਚ ਆਏ ਹੜ੍ਹਾਂ ਦੌਰਾਨ ਜਦੋਂ ਲੋਕਾਂ ਦਾ ਸਭ ਕੁੱਝ ਡੁੱਬ/ਰੁੜ੍ਹ ਗਿਆ ਤਾਂ ਇੱਕ ਕਿਸਾਨ ਨੇ ਕਮਰੇ ਦੀ ਪਰਛੱਤੀ ਉਤੇ ਬੀਜਣ ਵਾਸਤੇ ਰੱਖਿਆ ਇਕ ਤੋੜਾ ਕਣਕ ਦਾ ਬੀਜ ਵੀ ਪਿੰਡ ਦੇ ਲੋਕਾਂ ਲਈ ਲਾਏ ਲੰਗਰ ਲਈ ਦੇ ਦਿੱਤਾ। ਜਦੋਂ ਉਹ ਪਾਣੀ ਵਿੱਚੋਂ ਲੰਘ ਕੇ ਸੁੱਕੀ ਬਚੀ ਕਣਕ ਦਾ ਤੋੜਾ ਮੋਢੇ 'ਤੇ ਚੱਕ ਲੰਗਰ ਵਾਸਤੇ ਲਿਆ ਰਿਹਾ ਸੀ ਤਾਂ ਉਸਦੀ ਇਸ ਨਿਰਸਵਾਰਥ ਦਿਆਲਤਾ ਲਈ ਸਾਰੇ ਪਿੰਡ ਵਾਸੀਆਂ ਨੇ ਉਸ ਦਾ ਧੰਨਵਾਦ ਕੀਤਾ।

ਪਰਉਪਕਾਰ ਦੇ ਰਸਤੇ 'ਤੇ ਚੱਲਦਿਆਂ ਮਨੁੱਖ ਨੂੰ ਇਸ ਗੱਲ ਦੀ ਭੋਰਾ ਵੀ ਚਿੰਤਾ ਨਹੀਂ ਹੋਣੀ ਚਾਹੀਦੀ ਕਿ ਕਿਸੇ ਦੂਜੇ ਵਿਅਕਤੀ ਦੀ ਉਸ ਬਾਰੇ ਕਿਸ ਕਿਸਮ ਦੀ ਰਾਏ ਹੈ, ਉਸ ਨੂੰ ਬਸ ਇੰਨਾ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਮੁਹੱਬਤ ਕਰਨ ਵਾਲੇ ਲੋਕਾਂ ਤੋਂ ਵੱਡਾ ਤੇ ਸਤਿਕਾਰਯੋਗ ਹੋਰ ਕੋਈ ਨਹੀਂ ਹੈ।

ਟਕਰਾਓ ਅਤੇ ਵੈਰ ਵਿਰੋਧ ਦਾ ਸਿਲਸਿਲਾ ਓਦੋਂ ਹੀ ਚੱਲਦਾ ਹੈ ਜਦੋਂ ਵਿਅਕਤੀ ਆਪਣੇ ਨਿਸ਼ਾਨੇ ਤੋਂ ਭਟਕ ਜਾਂਦਾ ਹੈ ਅਤੇ ਉਸ ਨੂੰ ਹੋਰ ਸਾਰੇ ਲੋਕ ਆਪਣੇ ਵਿਰੋਧ ਵਿਚ ਖੜ੍ਹੇ ਦਿਖਾਈ ਦੇਣ ਲੱਗ ਪੈਂਦੇ ਹਨ। ਅਜਿਹੇ ਵਿਚ ਉਹ ਨਿਮਰਤਾ, ਦਿਆਲਤਾ ਅਤੇ ਪਰਉਪਕਾਰ ਜਿਹੇ ਸਦਗੁਣ ਭੁੱਲ ਕੇ ਖ਼ੁਦ ਆਪ ਤਰਸ ਦਾ ਪਾਤਰ ਬਣ ਜਾਂਦਾ ਹੈ। ਭਟਕ ਜਾਣਾ ਕੋਈ ਵੱਡੀ ਗੱਲ ਨਹੀਂ ਭਟਕੇ ਰਹਿਣਾ ਮਾੜੀ ਗੱਲ ਹੈ। ਜਦੋਂ ਮਨੁੱਖ ਸੱਚਾਈ ਤੋਂ ਸੱਖਣਾ ਅਤੇ ਤਰਕ ਤੋਂ ਵਾਂਝਾ ਹੋ ਜਾਂਦਾ ਹੈ ਤਾਂ ਮਿਹਣਿਆਂ, ਉਲਾਮ੍ਹਿਆਂ ਅਤੇ ਗਾਲ਼ਾਂ ਵਰਗੇ ਹਥਿਆਰਾਂ 'ਤੇ ਉਤਰ ਆਉਂਦਾ ਹੈ। ਅਸੀਂ ਜੋ ਦੂਜਿਆਂ ਕੋਲੋਂ ਖੋਹ ਲੈਣਾ ਚਾਹੁੰਦੇ ਹਾਂ, ਕੁਝ ਲੋਕ ਓਹੀ ਕੁਝ ਸਾਡੇ ਕੋਲੋਂ ਖੋਹ ਲੈਣਾ ਚਾਹੁੰਦੇ ਹਨ। ਮਨੁੱਖ ਦੀ ਭੁੱਖ ਵੀ ਕਿੰਨੀ ਖ਼ਤਰਨਾਕ ਹੁੰਦੀ ਏ।

ਅਸਲ ਪ੍ਰਸੰਨਤਾ ਉਦੋਂ ਮਿਲਦੀ ਹੈ ਜਦੋਂ ਰੂਹ ਹਰ ਤਰ੍ਹਾਂ ਦੀ ਭੁੱਖ ਤੋਂ ਉੱਪਰ ਪਹੁੰਚ ਜਾਵੇ। ਜਦੋਂ ਮਨ ਦੀ ਪਿਆਸ ਮੁੱਕ ਜਾਵੇ, ਜਦੋਂ ਤੁਹਾਡੇ ਤਨ ਦਾ ਲਿਬਾਸ ਹੀ ਰੇਸ਼ਮ ਤੋਂ ਸੋਹਣਾ ਮਹਿਸੂਸ ਹੋਣ ਲੱਗੇ। ਭਾਵੁਕਤਾ, ਸੰਵੇਦਨਸ਼ੀਲਤਾ, ਪਰਉਪਕਾਰੀ ਵਿਅਕਤੀ ਦੇ ਅਜਿਹੇ ਗੁਣ ਹਨ ਜੋ ਉਸ ਦੇ ਰੋਮ-ਰੋਮ ਵਿਚ ਵਸੇ ਅਹਿਸਾਸ ਵਾਂਗ ਹੀ ਉਸ ਦੇ ਨਾਲ-ਨਾਲ ਚੱਲਦੇ ਰਹਿੰਦੇ ਹਨ। ਦਿਆਵਾਨ ਮਨੁੱਖ ਲੋਕਾਈ ਦੇ ਦੁੱਖਾਂ ਨੂੰ ਦੇਖ ਕੇ ਵੀ ਦੁਖੀ ਅਤੇ ਤਕਲੀਫ਼ਜ਼ਦਾ ਮਹਿਸੂਸ ਕਰਦਾ ਹੈ। ਉਸ ਦੀ ਇਹ ਵਿਅਕੁਲਤਾ ਉਸ ਨੂੰ ਦਿਆਲਤਾ ਅਤੇ ਉਦਾਰਤਾ ਵਰਗੇ ਸਦਗੁਣਾ ਵੱਲ ਲੈ ਜਾਂਦੀ ਹੈ। ਆਪਣਿਆਂ ਅਤੇ ਬੇਗਾਨਿਆਂ ਨਾਲ ਇਕੋ ਜਿਹਾ ਮੋਹ ਕਰਨ ਵਾਲਾ ਹੀ ਅਸਲ ਵਿਚ ਇਨਸਾਨੀਅਤ ਨੂੰ ਮੁਹੱਬਤ ਕਰਨ ਵਾਲਾ ਕਹਿਲਾਉਂਦਾ ਹੈ। ਇਸ ਮੋਹ-ਭਾਵਨਾ ਨਾਲ ਭਰਿਆ ਵਿਅਕਤੀ ਆਪਣੇ ਸੁਭਾਅ ਮੁਤਾਬਿਕ ਚੱਲਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋ ਜਾਂਦਾ ਹੈ।

ਨਿਰਸੁਆਰਥ ਦਿਆਲਤਾ

16ਵੀਂ ਸਦੀ ਵਿੱਚ ਰੋਮਨ ਦੇ ਰਾਜਾ ਸਿਮੋਨ ਨੂੰ ਕੈਦ ਕਰ ਦਿੱਤਾ ਗਿਆ ਅਤੇ ਉਸ ਨੂੰ ਓਦੋਂ ਤਕ ਭੁੱਖੇ ਰੱਖਣ ਦੀ ਸਜ਼ਾ ਸੁਣਾਈ ਗਈ ਜਦੋਂ ਤਕ ਉਸ ਦੀ ਮੌਤ ਨਹੀਂ ਹੋ ਜਾਂਦੀ। ਕੈਦ ਦੌਰਾਨ ਭੁੱਖੇ ਪਿਆਸੇ ਸਿਮੋਨ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਉਸਦੀ ਧੀ ਪੈਰੋ ਨੇ ਜੇਲ੍ਹ ਅਧਿਕਾਰੀਆਂ ਨੂੰ ਬੇਨਤੀ ਕਰ ਕੇ ਆਪਣੇ ਪਿਤਾ ਨੂੰ ਰੋਜ਼ ਮਿਲਣ ਦੀ ਇਜਾਜ਼ਤ ਲੈ ਲਈ। ਪੈਰੋ ਤੋਂ ਆਪਣੇ ਪਿਤਾ ਦੀ ਹਾਲਤ ਵੇਖੀ ਨਾ ਜਾਂਦੀ ਤਾਂ ਉਸ ਨੇ ਆਪਣੇ ਪਿਤਾ ਦੀ ਜਾਨ ਬਚਾਉਣ ਲਈ ਉਸ ਨੂੰ ਆਪਣਾ ਦੁੱਧ ਪਿਆਉਣ ਦਾ ਫ਼ੈਸਲਾ ਕੀਤਾ। ਉਹ ਰੋਜ਼ ਜੇਲ੍ਹ ਵਿਚ ਖ਼ਾਲੀ ਹੱਥ ਆਉਂਦੀ ਅਤੇ ਆਪਣੇ ਪਿਤਾ ਨੂੰ ਆਪਣੀਆਂ ਛਾਤੀਆਂ 'ਚੋਂ ਦੁੱਧ ਪਿਆਉਂਦੀ। ਇਹ ਸਿਲਸਿਲਾ ਚਲਦਾ ਰਿਹਾ ਅਤੇ ਸਿਮੋਨ ਦੀ ਸਿਹਤ ਵਿਚ ਸੁਧਾਰ ਆਉਣ ਲੱਗਾ। ਇਸ ਕਾਰਵਾਈ ਦਾ ਜਦੋਂ ਜੇਲ੍ਹ ਅਧਿਕਾਰੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪੈਰੋ ਨੂੰ ਵੀ ਕੈਦ ਕਰ ਲਿਆ। ਜਦੋਂ ਉਨ੍ਹਾਂ ਨੂੰ ਹਾਕਮ ਅੱਗੇ ਪੇਸ਼ ਕੀਤਾ ਗਿਆ ਤਾਂ ਪੈਰੋ ਦੀ ਬੇਮਿਸਾਲ, ਨਿਰਸੁਆਰਥ ਦਿਆਲਤਾ ਨੇ ਹਾਕਮ ਨੂੰ ਬਹੁਤ ਪ੍ਰਭਾਵਤ ਕੀਤਾ ਅਤੇ ਇਸ ਤਰ੍ਹਾਂ ਉਨ੍ਹਾਂ ਦੋਹਾਂ ਪਿਓ-ਧੀ ਨੂੰ ਰਿਹਾਈ ਮਿਲ ਗਈ।

ਇਸ ਗਾਥਾ ਸਬੰਧੀ ਰੋਮ ਦੇ ਇਕ ਚਿੱਤਰਕਾਰ ਨੇ ਇਕ ਪੇਂਟਿੰਗ ਵੀ ਬਣਾਈ ਜਿਸ ਦਾ ਵਿਸ਼ਵ ਭਰ ਵਿਚ ਵਿਰੋਧ ਵੀ ਹੋਇਆ ਅਤੇ ਇਸ ਦੇ ਹੱਕ ਵਿਚ ਵੀ ਆਵਾਜ਼ਾਂ ਉੱਠੀਆਂ। ਪਰ ਜੋ ਵੀ ਸੀ ਇਕ ਧੀ ਨੇ ਇਸ ਤਰ੍ਹਾਂ ਦੀ ਬੇਮਿਸਾਲ ਕੁਰਬਾਨੀ ਨਾਲ ਆਪਣੇ ਪਿਆਰੇ ਪਿਤਾ ਦੀ ਜਾਨ ਬਚਾ ਲਈ। ਚੰਗੇ ਜਾਂ ਮਾੜੇ ਦਾ ਫ਼ੈਸਲਾ ਦੇਖਣ ਸੁਣਨ ਵਾਲੇ ਨੇ ਆਪਣੇ ਨਜ਼ਰੀਏ ਮੁਤਾਬਿਕ ਕਰਨਾ ਹੁੰਦਾ ਹੈ। ਸਮਾਜ ਸਾਨੂੰ ਓਹੀ ਕੁਝ ਵਾਪਸ ਦਿੰਦਾ ਹੈ ਜੋ ਕੁਝ ਅਸੀਂ ਸਮਾਜ ਨੂੰ ਦਿੰਦੇ ਹਾਂ। ਸਾਨੂੰ ਦਰਿਆ ਜਾਂ ਸਮੁੰਦਰ ਵਾਂਗ ਹੋਣ ਦੀ ਜ਼ਰੂਰਤ ਹੈ। ਦਰਿਆ ਜਾਂ ਸਮੁੰਦਰ ਹਰ ਉਸ ਸ਼ੈਅ ਨੂੰ ਬਾਹਰ ਵਗਾਹ ਮਾਰਦਾ ਹੈ ਜਿਹੜੀ ਸ਼ੈਅ ਉਸਦੇ ਅਨਕੂਲ ਨਾ ਹੋਵੇ।

ਕਰੂਰਤਾ ਤਿਆਗਣ ਦੀ ਲੋੜ

ਜਿੰਨਾ ਚਿਰ ਤੁਹਾਨੂੰ ਆਪਣੀ ਕਾਬਲੀਅਤ ਅਤੇ ਸਮਰੱਥਾ 'ਤੇ ਭਰੋਸਾ ਨਹੀ, ਤੁਹਾਡਾ ਆਤਮ-ਵਿਸ਼ਵਾਸ ਸਥਿਰ ਨਹੀਂ ਰਹੇਗਾ। ਲੋੜ ਚੰਗੇ ਬਣਨ ਦੀ ਹੈ ਪਰ ਅਜੇਕੇ ਵੇਲੇ ਬਹੁਤੇ ਲੋਕ ਇਸ ਦੇ ਉਲਟ ਕਰੂਰਤਾ ਵਾਲੇ ਪਾਸੇ ਜ਼ਿਆਦਾ ਉਲਾਰ ਹਨ। ਨਿੱਕੀ ਮੋਟੀ ਗੱਲ ਤੋਂ ਤਲਵਾਰਾਂ ਬੰਦੂਕਾਂ ਨਿਕਲ ਜਾਂਦੀਆਂ ਹਨ। ਛੋਟੇ ਮੋਟੇ ਝਗੜੇ ਵੱਡੀਆਂ ਜੰਗਾਂ ਦੇ ਮੈਦਾਨ ਬਣ ਰਹੇ ਹਨ। ਥਾਂ-ਥਾਂ ਅੱਗਾਂ ਲੱਗ ਰਹੀਆਂ ਹਨ, ਇਨਾ ਅੱਗਾਂ ਦੇ ਸੇਕ ਵਿੱਚ ਸੈਕੜੇ ਬੇਦੋਸ਼ੇ ਝੁਲਸ ਰਹੇ ਹਨ। ਇਕ ਨਿੱਕੀ ਜਿਹੀ ਜ਼ੁਆਤੀ ਪਿੰਡ/ਸ਼ਹਿਰਾਂ ਨੂੰ ਰਾਖ ਵਿਚ ਤਬਦੀਲ ਕਰਨ ਵਿਚ ਸਮਰੱਥ ਹੋ ਜਾਂਦੀ ਹੈ।

ਡਾਕੇ ਲੁੱਟਾਂ ਖੋਹਾਂ, ਜਬਰ-ਜ਼ਿਨਾਹ, ਕਤਲੋ ਗਾਰਤ, ਅਗਵਾ, ਹੱਤਿਆਵਾਂ ਦੀਆਂ ਘਟਨਾਵਾਂ ਮਨੁੱਖ ਦੇ ਕਰੂਰ ਹੋਣ ਦੀ ਹੀ ਨਿਸ਼ਾਨਦੇਹੀ ਕਰਦੀਆਂ ਹਨ। ਇਸ ਦੇ ਬਾਵਜੂਦ ਕਿ ਹਰ ਧਰਮ ਦੇ ਤਕਰੀਬਨ 50 ਫ਼ੀਸਦੀ ਲੋਕਾਂ ਨੂੰ ਸ਼ੂਗਰ ਰੋਗ ਹੈ ਫਿਰ ਵੀ ਇਹ ਇਕ ਦੂਜੇ ਪ੍ਰਤੀ ਜ਼ਹਿਰ ਹੀ ਉਗਲਦੇ ਨੇ।

ਪਿਆਰ, ਮੁਹੱਬਤ, ਦਿਆ, ਸੰਵੇਦਨਾ, ਪਰਉਪਕਾਰ, ਤਰਸ ਆਦਿ ਸ਼ਬਦ ਮਨੁੱਖ ਦੇ ਸ਼ਬਦਕੋਸ਼ ਵਿੱਚੋਂ ਗਾਇਬ ਹੋ ਰਹੇ ਹਨ। ਜਾਇਦਾਦ ਅਤੇ ਦੌਲਤ ਲਈ ਭਰਾ-ਭਰਾ ਨੂੰ ਮਾਰ ਰਿਹਾ ਹੈ, ਪੁੱਤਰ ਪਿਤਾ ਦਾ ਕਾਤਲ ਬਣ ਰਿਹਾ ਹੈ। ਤਿਆਗ ਦੀ ਭਾਵਨਾ ਦਾ ਭੋਗ ਪੈ ਗਿਆ ਹੈ। ਇਤਬਾਰ, ਰਸੂਖ ਅਤੇ ਖਲੂਸ ਕਿਧਰੇ ਵੀ ਦਿਖਾਈ ਨਹੀਂ ਦਿੰਦਾ। ਹੁਣ ਤਾਂ ਇਹੋ ਫ਼ੈਸਲਾ ਕਰਨ ਔਖਾ ਹੋ ਗਿਆ ਹੈ ਕਿ ਚੰਗਾ ਕੌਣ ਹੈ ਅਤੇ ਮਾੜਾ ਕੌਣ ਹੈ।ਬਹੁਤੀ ਵਾਰੀ ਦਾ ਮਨੁੱਖ ਦੀ ਦਸ਼ਾ ਇਹ ਹੁੰਦੀ ਹੈ ਕਿ ਲੁੱਟੇ ਤਾਂ ਜਾਣਾ ਹੀ ਹੈ ਚਲੋ ਥੋੜ੍ਹੇ ਘੱਟ ਮਾੜੇ ਵਿਅਕਤੀ ਹੱਥੋਂ ਹੀ ਲੁੱਟੇ ਜਾਈਏ। ਇਕ ਵਿਅਕਤੀ ਦੀ ਆਪਣੇ ਸਹੁਰਿਆਂ ਨਾਲ ਬਿਲਕੁੱਲ ਨਹੀਂ ਸੀ ਬਣਦੀ, ਕਿਉਂਕਿ ਉਸ ਵਿਅਕਤੀ ਵਿਚ ਇਕ ਵੀ ਅਜਿਹੀ ਆਦਤ ਨਹੀਂ ਸੀ ਜਿਹੜੀ ਚੰਗੀ ਹੋਵੇ ਅਤੇ ਸਹੁਰਿਆਂ ਨੂੰ ਪਸੰਦ ਹੋਵੇ। ਨਿਤ ਦਿਨ ਸਹੁਰੇ ਪਰਿਵਾਰ ਨਾਲ ਕਲੇਸ਼ ਪਿਆ ਰਹਿੰਦਾ।

ਕੁਝ ਸਾਲਾਂ ਬਾਅਦ ਉਸ ਦਾ ਸਹੁਰਾ ਪਰਿਵਾਰ ਉਸ ਦੀ ਬਹੁਤ ਖਾਤਰਦਾਰੀ ਅਤੇ ਇੱਜ਼ਤ ਕਰਨ ਲੱਗ ਪਿਆ। ਜਦੋਂ ਉਸ ਵਿਅਕਤੀ ਦੇ ਦੋਸਤਾਂ ਨੇ ਇਸ ਦਾ ਰਾਜ਼ ਜਾਣਨਾ ਚਾਹਿਆ ਤਾਂ ਉਸ ਨੇ ਕਿਹਾ ਕਿ ਇਸ ਦਾ ਕਾਰਨ ਸਹੁਰਿਆਂ ਦਾ ਦੂਜਾ ਜਵਾਈ ਹੈ। ਉਹ ਏਨਾ ਘਟੀਆ ਨਿਕਲਿਆ ਕਿ ਸਹੁਰੇ ਮਹਿਸੂਸ ਕਰਨ ਲੱਗ ਪਏ ਕੇ ਇਸ ਤੋਂ ਚੰਗਾ ਤਾਂ ਸਾਡਾ ਪਹਿਲਾ ਜਵਾਈ ਹੈ। ਇਸ ਤਰ੍ਹਾਂ ਮੇਰੀ ਤੇ ਉਨ੍ਹਾਂ ਦੀ ਬਣਨ ਲੱਗ ਪਈ। ਅਜਿਹਾ ਹਾਲ ਹੀ ਸਾਡੀਆਂ ਅਜੋਕੀਆਂ ਸਰਕਾਰਾਂ ਦਾ ਹੈ। ਲੋਕ ਬਸ ਲੁੱਟ ਦਾ ਸ਼ਿਕਾਰ ਹਨ ਸਿਰਫ਼ ਉਹ ਅਜਿਹੀ ਰਾਜਨੀਤਕ ਪਾਰਟੀ ਦੀ ਹੀ ਚੋਣ ਕਰਦੇ ਹਨ ਜਿਹੜਾ ਥੋੜ੍ਹਾ ਘੱਟ ਲੁੱਟ ਮਚਾਵੇ। ●

ਆਪਸੀ ਸਹਿਯੋਗ ਦੀ ਲੋੜ

ਮਿਲਵਰਤਨ ਅਤੇ ਦੂਜੇ ਨੂੰ ਨਾਲ ਲੈ ਕੇ ਚੱਲਣ ਦਾ ਰੁਝਾਨ ਮੁੱਕ ਗਿਆ ਹੈ। ਹੇਠਾਂ ਵੇਖ ਕੇ ਚੱਲੋਗੇ ਆਪਣੇ ਆਪ ਉੱਚੇ ਹੁੰਦੇ ਜਾਓਗੇ। ਅਮੀਰੀ ਦਿਲ ਦੀ ਹੁੰਦੀ ਹੈ, ਕਰੋੜਾਂ ਰੁਪੈ ਇਕੱਠੇ ਕਰਨ ਵਾਲੇ ਵੀ ਸ਼ੋਹਦੇ ਹੀ ਨਜ਼ਰੀ ਆਉਂਦੇ ਹਨ। ਇਕ ਨੌਕਰਾਣੀ ਕੱਪੜੇ ਦੀ ਦੁਕਾਨ 'ਤੇ ਗਈ ਅਤੇ ਦੁਕਾਨਦਾਰ ਨੂੰ ਸੰਬੋਧਨ ਹੁੰਦਿਆਂ ਬੋਲੀ, 'ਕੋਈ ਸੋਹਣਾ ਅਤੇ ਮਹਿੰਗਾ ਜਿਹਾ ਸੂਟ ਦਿਖਾਓ ਮੈਂ ਆਪਣੀ ਮਾਲਕਿਨ ਨੂੰ ਉਸਦੇ ਮੁੰਡੇ ਦੇ ਵਿਆਹ 'ਤੇ ਤੋਹਫ਼ਾ ਦੇਣਾ ਹੈ।' ਕੁਝ ਦਿਨ ਬਾਅਦ ਓਸੇ ਹੀ ਦੁਕਾਨ 'ਤੇ ਮਾਲਕਿਨ ਗਈ ਅਤੇ ਦੁਕਾਨਦਾਰ ਨੂੰ ਸੰਬੋਧਨ ਹੁੰਦਿਆਂ ਬੋਲੀ 'ਕੋਈ ਸਸਤਾ ਜਿਹਾ ਸੂਟ ਦਿਖਾਓ ਨੌਕਰਾਣੀ ਵਾਸਤੇ।' ਜਦੋਂ ਇਹ ਪਤਾ ਲੱਗ ਜਾਵੇ ਕਿ ਅਸੀਂ ਕੀ ਹਾਂ ਬਹੁਤ ਸਾਰੀਆਂ ਤ੍ਰਿਸ਼ਨਾਵਾਂ ਤੋਂ ਅਸੀਂ ਮੁਕਤੀ ਪਾ ਲੈਂਦੇ ਹਾਂ।

ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਦੇ ਨਾਲ-ਨਾਲ, ਜ਼ੁਲਮ ਵਿਰੁੱਧ ਬੋਲਣ ਦੀ ਤਾਕਤ ਵੀ ਦਿਓ। ਉਨ੍ਹਾਂ ਨੂੰ ਦੱਸੋ ਕਿ ਹਮੇਸ਼ਾ ਝੂਠ ਦਾ ਰਾਜ ਨਹੀਂ ਰਹਿੰਦਾ ਦੇਰ ਨਾਲ ਹੀ ਸਹੀ ਸੱਚਾਈ ਦੀ ਜਿੱਤ ਜ਼ਰੂਰ ਹੁੰਦੀ ਹੈ। ਉਨ੍ਹਾਂ ਨੂੰ ਨਿਰਪੱਖ ਸੋਚ ਦੇ ਧਾਰਨੀ ਬਣਾਓ, ਵੈਰ ਵਿਰੋਧ ਤੋਂ ਬਚਣ ਦਾ ਸਲੀਕਾ ਵੀ ਦੱਸੋ। ਬੱਚਿਆਂ ਨੂੰ ਨਿਮਰਤਾ, ਪਰਉਪਕਾਰ ਦਇਆ-ਭਾਵਨਾ ਨਾਲ ਭਰਪੂਰ ਪ੍ਰਸੰਨ ਜੀਵਨ ਵੱਲ ਜਾਣ ਵਾਲਾ ਰਸਤਾ ਤਲਾਸ਼ ਕੇ ਦਿਓ। ਤੁਸੀਂ ਸਹਿਜ-ਸੁਹਜ, ਦਿਆਲੂ ਅਤੇ ਸੰਵੇਦਨਸ਼ੀਤਾ ਨਾਲ ਜ਼ਿੰਦਗੀ ਬਸਰ ਕਰਨ ਵੱਲ ਇਕ ਕਦਮ ਪੁੱਟੋਗੇ ਪ੍ਰਸੰਨਤਾ ਤੁਹਾਡੇ ਘਰ ਦੀ ਸਰਦਲ 'ਤੇ ਆਣ ਬੈਠੇਗੀ। ਪ੍ਰਸੰਨ ਵਿਅਕਤੀ ਕੋਲ ਹੀ ਜ਼ਿੰਦਗੀ ਜਿਉਣ ਦਾ ਹੁਨਰ ਹੁੰਦਾ ਹੈ, ਬਾਕੀ ਸਭ ਤਾਂ ਜ਼ਿੰਦਗੀ ਭੋਗ ਕੇ ਇਸ ਜਹਾਨ ਤੋਂ ਰੁਖ਼ਸਤ ਹੋ

ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਨਾਭਾ 'ਚ ਡੇਂਗੂ ਕੇਸਾਂ ਦਾ ਜਾਇਜ਼ਾ, ਸਿਵਲ ਹਸਪਤਾਲ ਅਤੇ ਹਾਟਸਪੌਟ ਇਲਾਕਿਆਂ ਦਾ ਦੌਰਾ

ਨਾਭਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸਬ-ਡਵੀਜ਼ਨ ਹਸਪਤਾਲ, ਨਾਭਾ ਦਾ ਦੌਰਾ ਕਰਕੇ ਏਰੀਏ 'ਚ ਡੇਂਗੂ ਕੇਸਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਸਿਵਲ ਹਸਪਤਾਲ ਦੇ ਡੇਂਗੂ ਵਾਰਡ ਦਾ ਨਿਰੀਖਣ ਕੀਤਾ ਤੇ ਮਰੀਜ਼ਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦੇ ਨਾਲ ਐਮਐਲਏ ਗੁਰਦੇਵ ਸਿੰਘ ਦੇਵ ਮਾਨ ਵੀ ਮੌਜੂਦ ਸਨ।

ਹਸਪਤਾਲ ਦਾ ਜਾਇਜ਼ਾ ਲੈਣ ਉਪਰੰਤ, ਡਾ. ਬਲਬੀਰ ਸਿੰਘ ਨੇ ਡੇਂਗੂ ਹਾਟਸਪੌਟ ਖੇਤਰ ਬੌੜਾਂ ਗੇਟ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕਰਦਿਆਂ ਕਿਹਾ ਕਿ ਗਮਲੇ, ਫ਼ਰਿਜ ਟਰੇਅ, ਕੂਲਰ, ਟਾਇਰ ਜਾਂ ਕਿਸੇ ਵੀ ਹੋਰ ਕੰਟੇਨਰ ਵਿੱਚ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਡੇਂਗੂ ਦੀ ਪਹਿਚਾਣ ਕਰਨ ਲਈ ਟੈਸਟਾਂ ਉਨ੍ਹਾਂ ਕਿਹਾ ਕਿ ਖੜ੍ਹੇ ਸਾਫ਼ ਪਾਣੀ ਵਾਲੇ ਸਰੋਤਾਂ ਨੂੰ ਹਫ਼ਤੇ ਵਿੱਚ ਇਕ ਵਾਰੀ ਜ਼ਰੂਰ ਸੁੱਕਾ ਰੱਖਿਆ ਜਾਵੇ ਤਾਂ ਜੋ ਡੇਂਗੂ ਮੱਛਰਾਂ ਦਾ ਲਾਰਵਾ ਪੈਦਾ ਹੋਣ ਤੋਂ ਰੋਕਿਆ ਜਾ ਸਕੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਡੇਂਗੂ ਬਰਸਾਤਾਂ ਤੋਂ ਬਾਅਦ ਅਜਿਹੇ ਮੌਸਮ ਵਿੱਚ ਤੇਜ਼ੀ ਨਾਲ ਫੈਲਦਾ ਹੈ ਤੇ ਦੀ ਗਿਣਤੀ ਵੀ ਵਧਾਈ ਗਈ ਹੈ ਤੇ ਹੁਣ ਡੇਂਗੂ ਦਾ ਟੈਸਟ ਆਮ ਆਦਮੀ ਕਲੀਨਿਕਾਂ ਵਿੱਚ ਕੀਤਾ ਜਾਂਦਾ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਉਹ ਕਾਰਜਕਾਰੀ ਅਧਿਕਾਰੀਆਂ ਦੀਆਂ ਸਾਂਝੀਆਂ ਟੀਮਾਂ ਘਰ-ਘਰ ਜਾ ਕੇ ਡੇਂਗੂ ਦੇ ਲਾਰਵੇ ਦੀ ਜਾਂਚ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਪੰਜਾਬ 'ਚ 65 ਲੱਖ ਘਰ ਹਨ ਅਤੇ ਸਿਹਤ ਟੀਮਾਂ ਨੇ 94 ਲੱਖ ਘਰਾਂ ਦੀ ਜਾਂਚ ਕੀਤੀ ਹੈ, ਜਿੱਥੇ ਹਾਟਸਪੌਟ ਇਲਾਕੇ ਹਨ ਉੱਥੇ ਟੀਮਾਂ ਵੱਲੋਂ ਦੋ ਵਾਰ ਵੀ ਜਾਂਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਐਂਟੀ ਲਾਰਵਾ ਸਪਰੇਅ ਹੋਰ ਵਧਾਈ ਗਈ ਹੈ ਅਤੇ ਪੰਚਾਇਤਾਂ ਨੂੰ ਵੀ ਸਪਰੇਅ ਲਈ ਪੰਪ ਦਿੱਤੇ ਗਏ ਹਨ। ਡਾ. ਬਲਬੀਰ ਸਿੰਘ ਨੇ ਨਗਰ ਕੌਂਸਲ ਨੂੰ ਹਾਈ-ਰਿਸਕ ਇਲਾਕਿਆਂ ਵਿੱਚ ਫੌਗਿੰਗ ਤੇਜ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਡੇਂਗੂ ਦੇ ਫੈਲਾਅ ਨੂੰ ਰੋਕਿਆ ਜਾ ਸਕੇ।

ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਪਿਛਲੇ ਸਵਾ ਮਹੀਨੇ ਤੋਂ ਰਾਤ-ਦਿਨ ਕੰਮ ਕਰ ਰਿਹਾ ਹੈ ਤਾਂ ਜੋ ਡੇਂਗੂ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਪੱਤਰਕਾਰਾਂ ਵੱਲੋਂ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ ਹਾਲ ਹੀ ਵਿੱਚ ਤਕਰੀਬਨ 500 ਨਵੇਂ ਡਾਕਟਰ ਸਰਕਾਰੀ ਸੇਵਾ ਵਿੱਚ ਸ਼ਾਮਲ ਹੋਏ ਹਨ, ਜਿਸ ਵਿੱਚ ਪਟਿਆਲਾ ਜ਼ਿਲ੍ਹੇ ਵਿੱਚ 33 ਡਾਕਟਰ ਨਵੇਂ ਜੁਆਇਨ ਹੋਏ ਹਨ। 500 ਨਰਸਾਂ ਦੀ ਭਰਤੀ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਨਵੰਬਰ ਵਿੱਚ 500 ਹੋਰ ਨਰਸਾਂ ਲਈ ਇਸ਼ਤਿਹਾਰ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ 23 ਜ਼ਿਲ੍ਹਾ ਹਸਪਤਾਲਾਂ ਅਤੇ 41 ਸਬ-ਡਵੀਜ਼ਨਲ ਹਸਪਤਾਲਾਂ ਵਿੱਚ ਗਾਇਨਾਕੌਲੋਜੀ, ਮੈਡੀਸਨ ਅਤੇ ਐਨੇਸਥੀਸ਼ੀਆ ਵਿੱਚ ਡੀਐਨਬੀ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ, ਜੋ ਮੈਡੀਕਲ ਖੇਤਰ ਵਿੱਚ ਸੁਧਾਰ ਲਈ ਮਦਦਗਾਰ ਹੋਣਗੇ।

ਇਸ ਮੌਕੇ 'ਤੇ ਨਾਭਾ ਦੇ ਐਮਐਲਏ ਗੁਰਦੇਵ ਸਿੰਘ ਦੇਵ ਮਾਨ, ਐਸਡੀਐਮ ਨਾਭਾ ਡਾ. ਇਸਮਤ ਵਿਜੇ ਸਿੰਘ, ਸਿਵਲ ਸਰਜਨ ਡਾ. ਜਗਪਾਲਿੰਦਰ ਸਿੰਘ, ਐਸਐਮਓ ਡਾ. ਵੀਨੂੰ ਗੋਇਲ ਅਤੇ ਡਾ. ਸੁਮੀਤ ਸਿੰਘ ਵੀ ਮੌਜੂਦ ਸਨ।

ਜ਼ਿਲ੍ਹਾ ਸਕੂਲ ਖੇਡਾਂ ਟੇਬਲ ਟੈਨਿਸ 'ਚ ਅੰਡਰ 19 ਲੜਕਿਆਂ ਦੇ ਵਿੱਚ ਪਟਿਆਲਾ 2 ਨੇ ਜਿੱਤਿਆ ਗੋਲਡ ਮੈਡਲ

ਪਟਿਆਲਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਪਟਿਆਲਾ ਅਤੇ ਡਾ: ਰਵਿੰਦਰ ਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫਸਰ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਤੇ ਸਕੱਤਰ ਜ਼ਿਲ ?ਾ ਟੂਰਨਾਮੈਂਟ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਲੜਕੇ ਅਤੇ ਲੜਕੀਆਂ ਦੇ ਟੇਬਲ ਟੈਨਿਸ ਦੇ ਮੁਕਾਬਲੇ ਪੋਲੋ ਗਰਾਊਂਡ ਵਿਖੇ ਕਰਵਾਏ ਗਏ।ਲੜਕੀਆਂ ਦੇ ਅੰਡਰ 14 ਦੇ ਮੁਕਾਬਲਿਆਂ ਵਿੱਚ ਪਟਿਆਲਾ 2 ਜੋਨ ਨੇ ਪਹਿਲਾ,ਪਟਿਆਲਾ 3 ਨੇ ਦੂਜਾ,ਰਾਜਪਰਾ ਜੋਨ ਨੇ ਤੀਜਾ,ਅੰਡਰ 17 ਲੜਕੀਆਂ ਦੇ ਮੁਕਾਬਲਿਆਂ ਵਿੱਚ ਰਾਜਪਰਾ ਜੋਨ ਨੇ ਪਹਿਲਾ,ਪਟਿਆਲਾ 3 ਜੋਨ ਨੇ ਦੂਜਾ,ਪਟਿਆਲਾ 1 ਜੋਨ ਨੇ ਤੀਜਾ,ਘਨੌਰ ਜੋਨ ਨੇ ਚੌਥਾ,ਅੰਡਰ 19 ਲੜਕੀਆਂ ਦੇ ਮੁਕਾਬਲੇ ਦੇ ਮੁਕਾਬਲਿਆਂ ਵਿੱਚ ਪਟਿਆਲਾ 1 ਜੋਨ ਨੇ ਪਹਿਲਾ, ਪਟਿਆਲਾ 3 ਜੋਨ ਨੇ ਦੂਜਾ,ਨਾਭਾ ਜੋਨ ਨੇ ਤੀਜਾ, ਰਾਜਪੁਰਾ ਜੋਨ ਨੇ ਚੌਥਾ,ਅੰਡਰ 14 ਲੜਕਿਆਂ ਦੇ ਮੁਕਾਬਲਿਆਂ ਵਿੱਚ ਪਟਿਆਲਾ ਦੋ ਜੋਨ ਨੇ ਪਹਿਲਾਂ,ਪਟਿਆਲਾ 3 ਜੋਨ ਨੇ ਦੂਜਾ, ਰਾਜਪੁਰਾ ਜੋਨ ਨੇ ਤੀਜਾ, ਪਟਿਆਲਾ ਇਕ ਜੋਨ ਨੇ ਚੌਥਾ,ਅੰਡਰ 17 ਲੜਕਿਆਂ ਦੇ ਮੁਕਾਬਲਿਆਂ ਵਿੱਚ ਰਾਜਪਰਾ ਜੋਨ ਨੇ ਪਹਿਲਾ, ਪਟਿਆਲਾ 2 ਜੋਨ ਨੇ ਦੂਜਾ, ਪਟਿਆਲਾ 1 ਜੋਨ ਨੇ ਤੀਜਾ, ਨਾਭਾ ਜੋਨ ਨੇ ਚੌਥਾ,ਅੰਡਰ 19 ਦੇ ਮੁਕਾਬਲਿਆਂ ਵਿੱਚ ਪਟਿਆਲਾ 2 ਜੋਨ ਨੇ ਪਹਿਲਾ, ਪਟਿਆਲਾ 1 ਜੋਨ ਨੇ ਨੂੰ ਦੂਜਾ, ਪਟਿਆਲਾ 3 ਜੋਨ ਨੇ ਤੀਜਾ,ਰਾਜਪੁਰਾ ਜੋਨ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਤੇ ਖੇਡ ਦੇ ਕਨਵੀਨਰ ਡਾ ਰਜਨੀਸ਼ ਗੁਪਤਾ ਪ੍ਰਿੰਸੀਪਲ ਸਕੂਲ ਆਫ ਐਮੀਨੈਂਸ ਸਸਸਸ ਫੀਲਖਾਨਾ, ਬਲਵਿੰਦਰ ਸਿੰਘ ਜੱਸਲ ਜੋਨਲ ਸਕੱਤਰ ਪਟਿਆਲਾ 2, ਇੰਦਰਜੀਤ ਸਿੰਘ, ਬਿਪਨ ਚੰਦ, ਗੁਰਜੋਤ ਸਿੰਘ,ਰਮਨਦੀਪ ਕੌਰ,ਬਲਜੀਤ ਕੌਰ,ਅਮਨਦੀਪ ਕੌਰ ਝਾਂਸਲਾ, ਗੁਰਪ੍ਰੀਤ ਸਿੰਘ, ਮੈਡਮ ਮੇਘਾ ਟੇਬਲ ਟੈਨਿਸ ਕੋਚ ਸਪੋਰਟਸ ਵਿਭਾਗ, ਹਰਮਨਜੋਤ ਸਿੰਘ ਟੇਬਲ ਟੈਨਿਸ ਕੋਚ ਸਪੋਰਟਸ ਵਿਭਾਗ, ਤਰਨਦੀਪ ਸਿੰਘ,ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਝੰਡਾ ਤੇ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

ਕਿਸਾਨ ਮੰਡੀਆਂ 'ਚ ਨਿਰਧਾਰਤ ਨਮੀ ਵਾਲਾ ਸੁੱਕਾ ਝੋਨਾ ਹੀ ਲਿਆਉਣ : ਡਿਪਟੀ ਕਮਿਸ਼ਨਰ

ਪਟਿਆਲਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚ ਝੋਨੇ ਦੀ ਖਰੀਦ ਲਈ ਬਣਾਏ 108 ਖਰੀਦ ਕੇਦਰਾਂ ਵਿਚੋਂ 36 ਵਿੱਚ ਝੋਨੇ ਦੀ ਆਮਦ ਸ਼ੁਰੂ ਹੋ ਗਈ ਹੈ ਅਤੇ ਬੀਤੇ ਦਿਨ ਤੱਕ ਪਟਿਆਲਾ ਦੀਆਂ ਮੰਡੀਆਂ 'ਚ 28 ਹਜ਼ਾਰ 46 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਹੈ ਅਤੇ 26 ਹਜ਼ਾਰ 199 ਦੀ ਖਰੀਦ ਕੀਤੀ ਜਾ ਚੁੱਕੀ ਹੈ। ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਮੰਡੀਆਂ 'ਚ ਆਪਣੀ ਝੋਨੇ ਦੀ ਫ਼ਸਲ ਨਿਰਧਾਰਤ ਨਮੀ ਵਾਲੀ ਤੇ ਸੁਕਾ ਕੇ ਲਿਆਉਣੀ ਯਕੀਨੀ ਬਣਾਉਣ ਤਾਂ ਕਿ ਉਨ੍ਹਾਂ ਨੂੰ ਮੰਡੀਆਂ 'ਚ ਆਪਣੀ ਫ਼ਸਲ ਵੇਚਣ ਸਮੇਂ ਜਿਆਦਾ ਸਮਾਂ ਉਡੀਕ ਨਾ ਕਰਨੀ ਪਵੇ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਖਰੀਦ ਕੀਤੇ ਝੋਨੇ ਵਿਚੋਂ ਪਨਗਰੇਨ ਵੱਲੋਂ 11168 ਮੀਟਰਿਕ ਟਨ, ਮਾਰਕਫੈਡ ਵੱਲੋਂ 5317 ਮੀਟਰਿਕ ਟਨ, ਪਨਸਪ ਵੱਲੋਂ 5659 ਮੀਟਰਿਕ ਟਨ ਅਤੇ ਪੰਜਾਬ ਰਾਜ ਗੋਦਾਮ ਨਿਗਮ ਵੱਲੋਂ 4055 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਜੇਕਰ ਮੰਡੀਆਂ 'ਚ ਵਾਧੂ ਨਮੀ ਵਾਲਾ ਗਿੱਲਾ ਝੋਨਾ ਆਵੇਗਾ ਤਾਂ ਦਾਣੇ ਹਰੇ ਰਹਿਣ ਕਰਕੇ ਬਦਰੰਗ ਹੋਣ ਨਾਲ ਚਾਵਲਾਂ ਦੀ ਗੁਣਵੱਤਾ ਮਾੜੀ ਹੋ ਜਾਵੇਗੀ, ਜਿਸ ਦੇ ਨੁਕਸਾਨ ਹੀ ਨੁਕਸਾਨ ਹਨ। ਇਸ ਤੋਂ ਬਿਨ੍ਹਾਂ ਜੇਕਰ ਵਾਧੂ ਨਮੀ ਵਾਲਾ ਝੋਨਾ ਮੰਡੀਆਂ 'ਚ ਆਵੇਗਾ ਤਾਂ ਉਸ ਨੂੰ ਸੁਕਾਉਣ ਲਈ ਕਿਸਾਨਾਂ ਨੂੰ ਵਾਧੂ ਸਮਾਂ ਮੰਡੀਆਂ ਵਿੱਚ ਬੈਠਣਾ ਪਵੇਗਾ, ਇਸ ਕਰਕੇ ਕੋਈ ਵੀ ਕਿਸਾਨ ਨਿਰਧਾਰਤ ਨਮੀ ਤੋਂ ਵਾਧੂ ਨਮੀ ਵਾਲਾ ਗਿੱਲਾ ਝੋਨਾ ਮੰਡੀਆਂ ਵਿੱਚ ਨਾ ਲਿਆਵੇ। ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਪ੍ਰਕ੍ਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸਾਰੇ ਪ੍ਰਬੰਧ ਕੀਤੇ ਹੋਏ ਹਨ ਅਤੇ ਕਿਸਾਨਾਂ ਦੀ ਜਿਣਸ ਦਾ ਇੱਕ-ਇੱਕ ਦਾਣਾ ਸਮੇਂ ਸਿਰ ਖਰੀਦਿਆ ਜਾਵੇਗਾ, ਇਸ ਲਈ ਕਿਸਾਨ ਸਹਿਯੋਗ ਕਰਨ ਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ 'ਚ ਲਿਆਉਣ।

ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਨੇ ਖੋ-ਖੋ ਵਿੱਚ ਹਾਸਲ ਕੀਤਾ ਤੀਜਾ ਸਥਾਨ

ਪਟਿਆਲਾ, 2 ਅਕਤੂਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

-ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ (ਪਟਿਆਲਾ) ਦੀ ਅੰਡਰ-14 ਲੜਕੀਆ ਦੀ ਖੋ-ਖੋ ਟੀਮ ਨੇ ਸ੍ਰੀਮਤੀ ਮਮਤਾ ਰਾਣੀ ਜੀ (ਪੀ.ਟੀ.ਆਈ., ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ ਪਟਿਆਲਾ) ਦੀ ਅਗਵਾਈ ਵਿੱਚ ਜ਼ੋਨ ਪਟਿਆਲਾ-2 ਦੇ ਜ਼ੋਨਲ ਟੂਰਨਾਮੈਂਟ ਵਿੱਚ ਭਾਗ ਲਿਆ। ਸਕੂਲ ਦੀ ਅੰਡਰ-14 ਲੜਕੀਆਂ ਦੀ ਖੋ-ਖੋ ਟੀਮ ਵਿੱਚ ਰੋਸ਼ਨੀ ਕੁਮਾਰੀ ਪੁੱਤਰੀ ਦੇਵੇਂਦਰ ਸਾਹ, ਸੋਨਾਲੀ ਕੁਮਾਰੀ ਪੁੱਤਰੀ ਰਾਣਾ ਪਾਸਵਾਨ, ਪ੍ਰਤਿਮਾ ਪੁੱਤਰੀ ਸੁਰਿੰਦਰ, ਦਮਨਪ੍ਰੀਤ ਕੌਰ ਪੁੱਤਰੀ ਜੋਰਾ ਸਿੰਘ, ਨੰਦਨੀ ਪੁੱਤਰੀ ਬਾਬੂ ਰਾਮ, ਨਿਸ਼ਾ ਪੁੱਤਰੀ ਰਮੇਸ਼ ਕੁਮਾਰ, ਚੰਚਨ ਪੁੱਤਰੀ ਰਾਮਦੀਨ, ਰੁਪਿੰਦਰ ਕੌਰ ਪੁੱਤਰੀ ਹਿਮਤ ਸਿੰਘ, ਸ਼ਿਵਾਨੀ ਪੁੱਤਰੀ ਰਾਧੇ ਸ਼ਾਮ, ਬਲਜੋਤ ਕੌਰ ਪੁੱਤਰੀ ਜਗਵੰਤ ਸਿੰਘ, ਪ੍ਰਗਯਾ ਪੁੱਤਰੀ ਰਾਮ ਪਾਲ ਅਤੇ ਮੁਸਕਾਨ ਪੁੱਤਰੀ ਰਾਜੇਸ਼ ਯਾਦਵ ਸ਼ਾਮਲ ਸਨ। ਸਕੂਲ ਦੀ ਅੰਡਰ-14 ਲੜਕੀਆ ਦੀ ਖੋ-ਖੋ ਟੀਮ ਨੇ ਜ਼ੋਨਲ ਟੂਰਨਾਮੈਂਟ ਵਿੱਚ ਲਾਜਵਾਬ ਪ੍ਰਦਰਸ਼ਨ ਕਰਦੇ ਹੋਏ ਤੀਜਾ ਸਥਾਨ ਹਾਸਲ ਕੀਤਾ। ਸ੍ਰੀਮਤੀ ਮਮਤਾ ਰਾਣੀ ਜੀ ਨੇ ਕਿਹਾ ਕਿ ਉਹਨਾਂ ਦੇ ਸਕੂਲ ਦੀ ਖੋ-ਖੋ ਟੀਮ ਨੇ ਪਹਿਲੀ ਵਾਰ ਜ਼ੋਨਲ ਟੂਰਨਾਮੈਂਟ ਵਿੱਚ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸ੍ਰੀਮਤੀ ਰਵਿੰਦਰਪਾਲ ਕੌਰ ਜੀ (ਸਕੂਲ ਇੰਚਾਰਜ) ਨੇ ਸ੍ਰੀਮਤੀ ਮਮਤਾ ਰਾਣੀ ਜੀ ਅਤੇ ਖੋ-ਖੋ ਟੀਮ ਦੇ ਸਮੂਹ ਖਿਡਾਰੀਆਂ ਨੂੰ ਇਸ ਸਫਲਤਾ ਲਈ ਵਧਾਈ ਦਿਤੀ ਅਤੇ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਤੇ ਸ੍ਰੀ ਮਨਪ੍ਰੀਤ ਸਿੰਘ (ਕੰਪਿਊਟਰ ਫੈਕਲਟੀ),ਸ੍ਰੀਮਤੀ ਅਨੀਤਾ ਸ਼ਰਮਾ (ਹਿੰਦੀ ਮਿਸਟ੍ਰੈਸ), ਸ੍ਰੀਮਤੀ ਮੀਨੂੰ ਯਾਦਵ (ਸਾਇੰਸ ਮਿਸਟ੍ਰੈਸ) ਅਤੇ ਸ੍ਰੀਮਤੀ ਲੀਨਾ (ਸ.ਸ. ਮਿਸਟ੍ਰੈਸ) ਮੋਜੂਦ ਸਨ।

ਡਾਕ ਵਿਭਾਗ ਵੱਲੋਂ ਇਨਲੈਂਡ ਸਪੀਡ ਪੋਸਟ (ਦਸਤਾਵੇਜ਼) ਦੀ ਦਰ ਵਿੱਚ ਤਬਦੀਲੀ ਅਤੇ ਨਵੀਆਂ ਵਿਸ਼ੇਸ਼ਤਾਵਾਂ ਦੀ ਸ਼ੁਰੂਆਤ ਦਾ ਐਲਾਨ

ਚੰਡੀਗੜ੍ਹ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਾਕ ਵਿਭਾਗ ਨੇ 1 ਅਗਸਤ 1986 ਨੂੰ ਸਪੀਡ ਪੋਸਟ ਸੇਵਾ ਸ਼ੁਰੂ ਕੀਤੀ ਸੀ, ਤਾਂ ਜੋ ਦੇਸ਼ ਭਰ ਵਿੱਚ ਪੱਤਰਾਂ ਅਤੇ ਪਾਰਸਲਾਂ ਦੀ ਤੇਜ਼ ਅਤੇ ਭਰੋਸੇਮੰਦ ਡਿਲੀਵਰੀ ਪ੍ਰਦਾਨ ਕੀਤੀ ਜਾ ਸਕੇ। ਇੰਡੀਆ ਪੋਸਟ ਦੇ ਆਧੁਨਿਕੀਕਰਨ ਦੇ ਯਤਨਾਂ ਨਾਲ ਸ਼ੁਰੂ ਕੀਤੀ ਗਈ ਇਹ ਸੇਵਾ ਸਮੇਂ-ਸੀਮਤ, ਕੁਸ਼ਲ ਅਤੇ ਸੁਰੱਖਿਅਤ ਮੇਲ ਡਿਲੀਵਰੀ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਸੀ। ਸਾਲਾਂ ਦੌਰਾਨ, ਸਪੀਡ ਪੋਸਟ ਭਾਰਤ ਦੀ ਸਭ ਤੋਂ ਪ੍ਰਸਿੱਧ ਅਤੇ ਭਰੋਸੇਮੰਦ ਮੇਲ ਸੇਵਾਵਾਂ ਵਿੱਚੋਂ ਇੱਕ ਬਣ ਕੇ ਉਭਰੀ ਹੈ, ਜੋ ਨਿੱਜੀ ਕੋਰੀਅਰ ਕੰਪਨੀਆਂ ਦੇ ਮੁਕਾਬਲੇ ਮਜ਼ਬੂਤੀ ਨਾਲ ਖੜ੍ਹੀ ਹੈ।

ਆਪਣੀ ਸ਼ੁਰੂਆਤ ਤੋਂ ਲੈ ਕੇ, ਸਪੀਡ ਪੋਸਟ ਗਾਹਕਾਂ ਦੀਆਂ ਬਦਲਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਿਰੰਤਰ ਵਿਕਸਤ ਹੁੰਦੀ ਰਹੀ ਹੈ। ਦੇਸ਼ ਦੀ ਪਸੰਦੀਦਾ ਡਿਲੀਵਰੀ ਸੇਵਾ ਵਜੋਂ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ, ਇਸ ਨੂੰ ਹੁਣ ਹੇਠ ਲਿਖੀਆਂ ਨਵੀਆਂ ਵਿਸ਼ੇਸ਼ਤਾਵਾਂ ਨਾਲ ਅਪਗ੍ਰੇਡ ਕੀਤਾ ਗਿਆ ਹੈ, ਜੋ ਭਰੋਸੇਯੋਗਤਾ, ਸੁਰੱਖਿਆ ਅਤੇ ਗਾਹਕ ਸਹੂਲਤ ਨੂੰ ਵਧਾਉਣ ਦੇ ਉਦੇਸ਼ ਨਾਲ ਹਨ: OTP-ਅਧਾਰਤ ਸੁਰੱਖਿਅਤ ਡਿਲੀਵਰੀ, ਆਨਲਾਈਨ ਭੁਗਤਾਨ ਸਹੂਲਤ , SMS-ਅਧਾਰਤ ਡਿਲੀਵਰੀ ਸੂਚਨਾਵਾਂ , ਸੁਵਿਧਾਜਨਕ ਆਨਲਾਈਨ ਬੁਕਿੰਗ ਸੇਵਾਵਾਂ , ਰੀਅਲ-ਟਾਈਮ ਡਿਲੀਵਰੀ ਅਪਡੇਟਸ ਅਤੇ ਉਪਭੋਗਤਾਵਾਂ ਲਈ ਰਜਿਸਟ੍ਰੇਸ਼ਨ ਸਹੂਲਤ ।

ਇਨਲੈਂਡ ਸਪੀਡ ਪੋਸਟ ਦੀ ਦਰ ਨੂੰ ਆਖਰੀ ਵਾਰ ਅਕਤੂਬਰ 2012 ਵਿੱਚ ਸੋਧਿਆ ਗਿਆ ਸੀ। ਨਿਰੰਤਰ ਸੁਧਾਰਾਂ ਨੂੰ ਜਾਰੀ ਰੱਖਣ, ਵਧਦੀਆਂ ਸੰਚਾਲਨ ਲਾਗਤਾਂ ਨੂੰ ਪੂਰਾ ਕਰਨ ਅਤੇ ਨਵੀਆਂ ਨਵੀਨਤਾਵਾਂ ਵਿੱਚ ਨਿਵੇਸ਼ ਕਰਨ ਲਈ, ਸਪੀਡ

ਸੰਪਾਦਕੀ

ਭਾਰਤ ਵਿਚ ਵੱਧ ਰਹੀਆਂ ਭਗਦੜ ਦੀਆਂ ਘਟਨਾਵਾਂ

ਬੀਤੇ ਕਈ ਸਾਲਾਂ ਤੋਂ ਭਾਰਤ ਵਿੱਚ ਭਗਦੜ ਦੀਆਂ ਦੁਖਦਾਈ ਘਟਨਾਵਾਂ ਦਾ ਨਾ ਰੁਕਣਾ ਅਤੇ ਆਮ ਵਰਤਾਰਾ ਬਣਨਾ ਪ੍ਰੇਸ਼ਾਨ ਕਰਦਾ ਹੈ। ਘਟਨਾਕ੍ਰਮ ਦੀ ਤਰਤੀਬ ਹਮੇਸ਼ਾ ਉਹੀ ਹੁੰਦੀ ਹੈ- ਸਿਰਫ਼ ਦੁਖਾਂਤ ਦੀ ਜਗ੍ਹਾ ਅਤੇ ਭੀੜ ਇਕੱਠੀ ਕਰਨ ਵਾਲੇ ਹੀ ਬਦਲਦੇ ਹਨ। ਤਾਜ਼ਾ ਘਟਨਾ ਸ਼ਨਿੱਚਰਵਾਰ ਨੂੰ ਤਾਮਿਲਨਾਡੂ ਦੇ ਸ਼ਹਿਰ ਕਰੂਰ ਵਿੱਚ ਵਾਪਰੀ; ਅਦਾਕਾਰ-ਸਿਆਸਤਦਾਨ ਵਿਜੈ ਦੀ ਰੈਲੀ ਵਿੱਚ ਭਗਦੜ ਮਚਣ ਕਾਰਨ 40 ਲੋਕਾਂ ਦੀ ਮੌਤ ਹੋ ਗਈ, ਜਿੱਥੇ ਉਸ ਦੇ ਦੇਰੀ ਨਾਲ ਪਹੁੰਚਣ ਕਰ ਕੇ ਭੀੜ ਵਧਣ ਨਾਲ ਅਫ਼ਰਾ-ਤਫ਼ਰੀ ਮਚ ਗਈ। ਸੂਬੇ ਦੇ ਪੁਲੀਸ ਮੁਖੀ ਜੀ ਵੈਂਕਟਰਮਨ ਅਨੁਸਾਰ, ਪ੍ਰਬੰਧਕਾਂ ਨੇ ਲਗਭਗ 10,000 ਲੋਕਾਂ ਦੇ ਆਉਣ ਦਾ ਅਨੁਮਾਨ ਲਗਾਇਆ ਸੀ; ਹਾਲਾਂਕਿ, ਨਵੀਂ ਬਣੀ ਤਮਿਲਗਾ ਵੈਤਰੀ ਕਜ਼ਗਮ ਦੇ ਬਾਨੀ ਪ੍ਰਧਾਨ ਦੀ ਝਲਕ ਪਾਉਣ ਲਈ ਲਗਭਗ 27,000 ਲੋਕ ਇਕੱਠੇ ਹੋ ਗਏ। ਉਹ ਜ਼ਾਹਿਰਾ ਤੌਰ 'ਤੇ ਖਾਣੇ-ਪਾਣੀ ਦੇ ਢੁੱਕਵੇਂ ਪ੍ਰਬੰਧ ਤੋਂ ਬਿਨਾਂ ਘੰਟਿਆਂ ਬੱਧੀ ਧੁੱਪ ਵਿੱਚ ਉਡੀਕ ਕਰਦੇ ਰਹੇ। ਪ੍ਰਬੰਧਕਾਂ ਅਤੇ ਪੁਲੀਸ ਨੂੰ ਬਿਹਤਰ ਤਿਆਰੀ ਕਰਨੀ ਚਾਹੀਦੀ ਸੀ, ਇਹ ਧਿਆਨ ਵਿੱਚ ਰੱਖਦਿਆਂ ਕਿ 13 ਸਤੰਬਰ ਤੋਂ, ਜਦੋਂ ਤੋਂ ਵਿਜੇ ਨੇ ਆਪਣਾ ਸੂਬਾ ਪੱਧਰੀ ਦੌਰਾ ਸ਼ੁਰੂ ਕੀਤਾ ਸੀ, ਉਦੋਂ ਤੋਂ ਹੀ ਉਨ੍ਹਾਂ ਦੇ ਜਲਸਿਆਂ ਵਿੱਚ ਹੱਦੋਂ ਵੱਧ ਭੀੜ ਦੇਖੀ ਜਾ ਰਹੀ ਸੀ। ਇਸ ਤੋਂ ਇਲਾਵਾ, ਇਸ ਸਾਲ ਦੂਜੇ ਰਾਜਾਂ ਵਿੱਚ ਵਾਪਰੀਆਂ ਅਜਿਹੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ। ਇਸੇ ਸਾਲ ਜੂਨ ਵਿੱਚ ਬੰਗਲੂਰੂ ਦੇ ਐੱਮ ਚਿੰਨਾਸਵਾਮੀ ਸਟੇਡੀਅਮ ਦੇ ਬਾਹਰ ਹੋਈ ਭਗਦੜ ਵਿੱਚ 11 ਲੋਕਾਂ ਦੀ ਜਾਨ ਚਲੀ ਗਈ ਸੀ। ਕਰੂਰ ਦੀ ਘਟਨਾ ਨੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਤੋਂ ਮਹੀਨਿਆਂ ਪਹਿਲਾਂ ਸਿਆਸੀ ਜੰਗ ਛੇੜ ਦਿੱਤੀ ਹੈ। ਸੱਤਾਧਾਰੀ ਡੀ ਐੱਮ ਕੇ ਨੇ ਵਿਜੈ 'ਤੇ ਤਿੱਖਾ ਹਮਲਾ ਕੀਤਾ ਹੈ, ਜਦੋਂਕਿ ਉਸ ਦੀ ਪਾਰਟੀ ਨੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਜਾਂ ਵਿਸ਼ੇਸ਼ ਜਾਂਚ ਟੀਮ ਤੋਂ ਜਾਂਚ ਕਰਾਉਣ ਦੀ ਮੰਗ ਕਰਦੇ ਹੋਏ ਮਦਰਾਸ ਹਾਈ ਕੋਰਟ ਤੱਕ ਪਹੁੰਚ ਕੀਤੀ ਹੈ। ਮੁੱਖ ਵਿਰੋਧੀ ਪਾਰਟੀ, ਅੰਨਾ ਡੀ ਐੱਮ ਕੇ, ਨੇ ਪੁਲੀਸ ਅਤੇ ਸਥਾਨਕ ਪ੍ਰਸ਼ਾਸਨ ਨੂੰ ਦੋਸ਼ੀ ਠਹਿਰਾਇਆ ਹੈ। ਇਸ ਮੁਕਾਬਲੇਬਾਜ਼ੀ ਦੇ ਵਿਚਕਾਰ, ਇਹ ਘਟਨਾ ਸਿਰਫ਼ ਤਾਮਿਲਨਾਡੂ 'ਚ ਹੀ ਨਹੀਂ ਬਲਕਿ ਪੂਰੇ ਦੇਸ਼ ਵਿੱਚ ਸਿਆਸੀ ਪਾਰਟੀਆਂ ਤੇ ਅਧਿਕਾਰੀਆਂ ਲਈ ਚਿਤਾਵਨੀ ਹੈ। ਕੇਂਦਰ ਅਤੇ ਰਾਜਾਂ ਨੂੰ ਜਨਤਕ ਸਮਾਗਮਾਂ ਨੂੰ ਮਨਜ਼ੂਰੀ ਦੇਣ ਲਈ ਸਖ਼ਤ ਪ੍ਰਕਿਰਿਆ, ਇਸ ਤੋਂ ਇਲਾਵਾ ਸਿਆਸੀ ਰੈਲੀਆਂ, ਪੂਜਾ ਸਥਾਨਾਂ, ਸਟੇਡੀਅਮਾਂ, ਰੇਲਵੇ ਸਟੇਸ਼ਨਾਂ ਆਦਿ 'ਤੇ ਵੱਡੀਆਂ ਭੀੜਾਂ ਦੇ ਪ੍ਰਬੰਧਨ ਲਈ ਪ੍ਰੋਟੋਕੋਲ ਸਾਂਝੇ ਤੌਰ 'ਤੇ ਤਿਆਰ ਕਰਨਾ ਚਾਹੀਦਾ ਹੈ। ਜਨਤਕ ਸੁਰੱਖਿਆ ਨੂੰ ਅਣਗੌਲਿਆ ਕਰਨ ਵਾਲੇ ਪ੍ਰਬੰਧਕਾਂ ਖ਼ਿਲਾਫ਼ ਸਜ਼ਾਯੋਗ ਕਦਮ (ਜਿਵੇਂ ਜੇਲ੍ਹ ਤੇ ਜੁਰਮਾਨਾ) ਚੁੱਕੇ ਜਾਣੇ ਚਾਹੀਦੇ ਹਨ। ਪੁਲੀਸ ਅਤੇ ਹੋਰ ਅਧਿਕਾਰੀਆਂ ਦੀ ਲਾਪਰਵਾਹੀ ਵੀ ਸਜ਼ਾ ਦੇ ਘੇਰੇ ਵਿੱਚ ਲਿਆਂਦੀ ਜਾਣੀ ਚਾਹੀਦੀ ਹੈ। ਪਾਣੀ ਸਿਰ ਉੱਪਰੋਂ ਲੰਘ ਚੁੱਕਾ ਹੈ। ਅਜਿਹੀ ਘਟਨਾਵਾਂ ਵਾਪਰਨ ਤੋਂ ਬਾਅਦ ਕੁਝ ਸਮਾਂ ਚਰਚਾ ਚੱਲਦੀ ਹੈ, ਕਈ ਤਰ੍ਹਾਂ ਦੇ ਦਾਅਵੇ ਤੇ ਵਾਅਦੇ ਵੀ ਕੀਤੇ ਜਾਂਦੇ ਹਨ ਪਰ ਹਾਲਾਤ ਜਿਉਂ ਦੇ ਤਿਉਂ ਹੀ ਰਹਿੰਦੇ ਹਨ। ਘਾਤਕ ਭਗਦੜਾਂ ਦੀ ਰੋਕਥਾਮ ਨੂੰ ਪੂਰੇ ਭਾਰਤ ਵਿੱਚ ਮਿਸ਼ਨ ਵਜੋਂ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦੀ ਪਾਕਿਸਤਾਨ ਨੂੰ ਚਿਤਾਵਨੀ

ਸੰਯੁਕਤ ਰਾਸ਼ਟਰ ਮਹਾਂ ਸਭਾ 'ਚ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪਾਕਿਸਤਾਨ ਨੂੰ 'ਆਲਮੀ ਦਹਿਸ਼ਤਗਰਦੀ ਦਾ ਕੇਂਦਰ' ਕਹਿਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਦੀ ਇਸ ਸਖ਼ਤ ਫਿਟਕਾਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਹੱਦ ਪਾਰੋਂ ਹੋਣ ਵਾਲੀ ਦਹਿਸ਼ਤਗਰਦੀ ਸਿਰਫ਼ ਭਾਰਤ ਦੀ ਹਾਨੀ ਨਹੀਂ, ਸਗੋਂ ਆਲਮੀ ਚੁਣੌਤੀ ਹੈ ਜਿਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। 26/11 ਦੇ ਹਮਲਿਆਂ ਤੋਂ ਲੈ ਕੇ ਪੁਲਵਾਮਾ ਅਤੇ ਹਾਲ ਹੀ ਦੇ ਪਹਿਲਗਾਮ ਕਤਲੇਆਮ ਤੱਕ ਭਾਰਤ ਨੇ ਪਾਕਿਸਤਾਨੀ ਜ਼ਮੀਨ ਤੋਂ ਚੱਲ ਰਹੇ ਅਤਿਵਾਦੀ ਤੰਤਰ ਦੇ ਸਬੂਤ ਵਾਰ-ਵਾਰ ਪੇਸ਼ ਕੀਤੇ ਹਨ। ਫਿਰ ਵੀ, ਪਾਕਿਸਤਾਨ ਖ਼ੁਦ ਦਹਿਸ਼ਤਗਰਦੀ ਤੋਂ ਪੀੜਤ ਹੋਣ ਦਾ ਦਾਅਵਾ ਕਰਦਾ ਰਹਿੰਦਾ ਹੈ ਤੇ ਨਾਲ ਹੀ ਕਸ਼ਮੀਰ ਦਾ ਮੁੱਦਾ ਚੁੱਕ ਕੇ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਦੇ ਨਾਲ ਕੱਟੜਪੰਥੀਆਂ ਨੂੰ ਪਨਾਹ ਦੇਣ ਦਾ ਇਸ ਦਾ ਰਿਕਾਰਡ ਨਜ਼ਰਾਂ 'ਚ ਆਉਣ ਤੋਂ ਬਚ ਜਾਂਦਾ ਹੈ। ਜੈਸ਼ੰਕਰ ਦਾ ਇਹ ਦਖ਼ਲ ਨਾਜ਼ੁਕ ਸਮੇਂ 'ਤੇ ਆਇਆ ਹੈ। ਦੁਨੀਆ ਦਾ ਧਿਆਨ ਯੂਕਰੇਨ ਤੇ ਪੱਛਮੀ ਏਸ਼ੀਆ ਦੇ ਸੰਘਰਸ਼ਾਂ ਵਿੱਚ ਲੱਗਿਆ ਹੋਣ ਕਰ ਕੇ, ਖ਼ਤਰਾ ਪੈਦਾ ਹੋ ਗਿਆ ਹੈ ਕਿ ਦਹਿਸ਼ਤਗਰਦੀ ਕੌਮਾਂਤਰੀ ਏਜੰਡੇ ਤੋਂ ਪਾਸੇ ਹੋ ਸਕਦੀ ਹੈ। ਇਸ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਠਾ ਕੇ ਭਾਰਤ ਨੇ ਇਹ ਦੱਸਿਆ ਕਿ ਜੇਕਰ ਦਹਿਸ਼ਤਗਰਦੀ ਨੂੰ ਨਾ ਰੋਕਿਆ ਗਿਆ ਤਾਂ ਇਹ ਰੂਪ ਬਦਲ ਕੇ ਹੋਰਨਾਂ ਖੇਤਰਾਂ ਵਿੱਚ ਫੈਲ ਜਾਵੇਗੀ। ਇਹ ਸਿਰਫ਼ ਦੋ-ਧਿਰੀ ਦੋਸ਼ ਨਹੀਂ ਸੀ; ਇਹ ਆਲਮੀ ਭਾਈਚਾਰੇ ਲਈ ਚਿਤਾਵਨੀ ਸੀ ਕਿ ਕਾਰਵਾਈ ਨਾ ਕਰਨਾ ਮਿਲੀਭੁਗਤ ਦੇ ਬਰਾਬਰ ਹੈ। ਉਂਝ, ਜ਼ੁਬਾਨੀ ਬਿਆਨਬਾਜ਼ੀ ਦਾ ਰਣਨੀਤੀ ਨਾਲ ਮੇਲ ਖਾਣਾ ਜ਼ਰੂਰੀ ਹੈ। ਭਾਰਤ ਨੂੰ ਮੇਲ ਖਾਂਦੀ ਸੋਚ ਵਾਲੇ ਦੇਸ਼ਾਂ ਨਾਲ ਮਜ਼ਬੂਤ ਗੱਠਜੋੜ ਬਣਾਉਣ, ਆਲਮੀ ਅਤਿਵਾਦ ਵਿਰੋਧੀ ਢਾਂਚਿਆਂ 'ਚ ਸੁਧਾਰ 'ਤੇ ਜ਼ੋਰ ਪਾਉਣ ਅਤੇ ਜਵਾਬਦੇਹੀ ਲਈ ਦਬਾਅ ਬਣਾਉਣ ਲਈ ਵਿੱਤੀ ਕਾਰਵਾਈ ਕਾਰਜ ਬਲ (ਐੱਫ ਏ ਟੀ ਐੱਫ) ਵਰਗੇ ਤੰਤਰਾਂ ਦੀ ਵਰਤੋਂ ਕਰਨ ਦੀ ਲੋੜ ਹੈ। ਸਿਰਫ਼ ਪਾਕਿਸਤਾਨ ਦਾ ਨਾਂ ਲੈਣਾ ਅਤੇ ਸ਼ਰਮਿੰਦਾ ਕਰਨਾ, ਭਾਵੇਂ ਇਹ ਕਿੰਨਾ ਵੀ ਜਾਇਜ਼ ਕਿਉਂ ਨਾ ਹੋਵੇ, ਆਪਣੇ ਆਪ ਵਿੱਚ ਜ਼ਮੀਨੀ ਹਕੀਕਤਾਂ ਨੂੰ ਨਹੀਂ ਬਦਲੇਗਾ। ਲਗਾਤਾਰ ਕੂਟਨੀਤੀ ਅਤੇ ਨਾਲ ਹੀ ਅਤਿਵਾਦ ਨੂੰ ਸ਼ਹਿ ਜਾਂ ਪਨਾਹ ਦੇਣ ਵਾਲੇ ਦੇਸ਼ਾਂ 'ਤੇ ਦਬਾਅ ਬਣਾਉਣਾ ਜ਼ਰੂਰੀ ਹੈ। ਜੈਸ਼ੰਕਰ ਦਾ ਵੱਡਾ ਨੁਕਤਾ ਸੰਯੁਕਤ ਰਾਸ਼ਟਰ ਦੀ ਭਰੋਸੇਯੋਗਤਾ ਬਾਰੇ ਸੀ। ਕਸੂਤੀ ਸਥਿਤੀ 'ਚ ਫਸੀ ਸਲਾਮਤੀ ਪਰਿਸ਼ਦ, ਜੋ ਦਹਿਸ਼ਤਗਰਦੀ ਦਾ ਹੱਲ ਨਹੀਂ ਕਰ ਸਕਦੀ ਜਾਂ ਆਪਣੇ ਢਾਂਚਿਆਂ 'ਚ ਸੁਧਾਰ ਨਹੀਂ ਕਰ ਸਕਦੀ, ਦੇ ਪ੍ਰਸੰਗਿਕ ਨਾ ਰਹਿਣ ਦਾ ਖ਼ਤਰਾ ਵੀ ਅੱਗੇ ਖੜ੍ਹਾ ਹੈ। ਇਸ ਲਈ, ਭਾਰਤ ਦਾ ਸੁਨੇਹਾ ਸਿਰਫ਼ ਪਾਕਿਸਤਾਨ ਬਾਰੇ ਨਹੀਂ ਸੀ, ਸਗੋਂ ਲੋਕਤੰਤਰਾਂ ਲਈ ਸੁਰੱਖਿਆ ਅਤੇ ਸਥਿਰਤਾ ਦੇ ਆਪਣੇ ਵਾਅਦਿਆਂ 'ਤੇ ਖ਼ਰਾ ਉਤਰਨ ਦੀ ਫੌਰੀ ਲੋੜ ਬਾਰੇ ਵੀ ਸੀ। ਸੰਯੁਕਤ ਰਾਸ਼ਟਰ ਦੇ ਮੰਚ ਨੇ ਭਾਰਤ ਨੂੰ ਪ੍ਰਤੱਖ ਸਚਾਈ ਨੂੰ ਦੁਹਰਾਉਣ ਦਾ ਮੌਕਾ ਦਿੱਤਾ: ਦਹਿਸ਼ਤਗਰਦੀ ਨੂੰ ਦੱਖਣੀ ਏਸ਼ੀਆ ਵਿੱਚ ਆਮ ਵਰਤਾਰਾ ਮੰਨ ਕੇ ਨਹੀਂ ਚੱਲਿਆ ਜਾ ਸਕਦਾ। ਦੁਨੀਆ ਮੂਕ ਦਰਸ਼ਕ ਬਣੀ ਨਹੀਂ ਰਹਿ ਸਕਦੀ। ਕਾਰਵਾਈ ਦਾ ਸਮਾਂ ਆ ਗਿਆ ਹੈ।

ਰੂਪਨਗਰ ਜ਼ਿਲ੍ਹੇ 'ਚ 5 ਅਕਤੂਬਰ ਤੋਂ ਸ਼ੁਰੂ ਹੋਵੇਗਾ 'ਹਿਊਮੈਨਿਟੀ ਫਰਸਟ' ਅਤੇ 'ਵਰਲਡ ਕੈਂਸਰ ਕੇਅਰ ਇੰਡੀਆ' ਦੀ ਵਿਲੱਖਣ ਮੁਹਿੰਮ

ਰੂਪ ਨਗਰ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ, 'ਹਿਊਮੈਨਿਟੀ ਫਰਸਟ' ਸੰਸਥਾ ਦੇ ਸੰਸਥਾਪਕ ਅਤੇ 'ਵਰਲਡ ਕੈਂਸਰ ਕੇਅਰ ਇੰਡੀਆ' ਦੇ ਡਾਇਰੈਕਟਰ ਅਜੈਵੀਰ ਸਿੰਘ ਲਾਲਪੁਰਾ ਨੇ ਅੱਜ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਐਲਾਨ ਕੀਤਾ ਕਿ 5 ਅਕਤੂਬਰ ਤੋਂ ਜ਼ਿਲ੍ਹਾ ਰੂਪਨਗਰ 'ਚ ਮੈਗਾ ਕੈਂਸਰ ਕੇਅਰ, ਸਿਹਤ ਅਤੇ ਅੱਖਾਂ ਦੇ ਜਾਂਚ ਕੈਂਪਾਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਹ ਪਹਿਲ ਸਿਰਫ਼ ਰੂਪਨਗਰ ਹੀ ਨਹੀਂ ਸਗੋਂ ਸਾਰੇ ਪੰਜਾਬ ਲਈ ਇੱਕ ਮਿਸਾਲ ਬਣੇਗੀ।

ਲਾਲਪੁਰਾ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਲਈ 7 ਤੋਂ 8 ਆਧੁਨਿਕ ਬੱਸਾਂ ਲਿਆਂਦੀਆਂ ਜਾਣਗੀਆਂ, ਜਿਨ੍ਹਾਂ 'ਚ ਨਵੇਂ ਡਾਇਗਨੋਸਟਿਕ ਸਾਜ਼ੋ-ਸਾਮਾਨ ਹੋਣਗੇ। ਇਨ੍ਹਾਂ ਦੇ ਨਾਲ ਤਜਰਬੇਕਾਰ ਡਾਕਟਰਾਂ ਅਤੇ ਮਾਹਿਰ ਪੈਰਾਮੈਡੀਕਲ ਸਟਾਫ਼ ਦੀ ਟੀਮ ਹੋਵੇਗੀ ਜੋ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਮੁਫ਼ਤ ਸਿਹਤ ਸੇਵਾਵਾਂ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਕੈਂਪ ਆਪਣੇ ਆਪ 'ਚ ਵਿਲੱਖਣ ਹੋਣਗੇ ਤੇ ਪਿੰਡਾਂ ਦੇ ਲੋਕਾਂ ਨੂੰ ਵੱਡੇ ਸ਼ਹਿਰਾਂ ਵਾਲੀਆਂ ਸਹੂਲਤਾਂ ਆਪਣੇ ਘਰ ਦੇ ਦਰਵਾਜ਼ੇ 'ਤੇ ਹੀ ਮਿਲਣਗੀਆਂ।

ਮਹਿਲਾਵਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਕ ਵੱਖਰੀ ਬੱਸ ਸਿਰਫ਼ ਔਰਤਾਂ ਲਈ ਸਮਰਪਿਤ ਕੀਤੀ ਜਾਵੇਗੀ। ਇਸ ਬੱਸ ਵਿੱਚ ਮੈਮੋਗ੍ਰਾਫੀ ਅਤੇ ਹੋਰ ਵਿਸ਼ੇਸ਼ ਜਾਂਚਾਂ ਦੀ ਸਹੂਲਤ ਹੋਵੇਗੀ, ਜਿਸ ਨਾਲ ਮਹਿਲਾਵਾਂ 'ਚ ਕੈਂਸਰ ਅਤੇ ਹੋਰ ਬਿਮਾਰੀਆਂ ਦਾ ਸ਼ੁਰੂਆਤੀ ਪੱਧਰ 'ਤੇ ਪਤਾ ਲਗਾਇਆ ਜਾ ਸਕੇਗਾ।

ਉਨ੍ਹਾਂ ਦੱਸਿਆ ਕਿ ਪਹਿਲਾ ਕੈਂਪ 5 ਅਕਤੂਬਰ ਨੂੰ ਪਿੰਡ ਚਨੌਲੀ ਵਿੱਚ ਲਗਾਇਆ ਜਾਵੇਗਾ। ਇਸ ਤੋਂ ਬਾਅਦ ਹੋਰ ਪਿੰਡਾਂ ਅਤੇ ਇਲਾਕਿਆਂ ਲਈ ਪੂਰਾ ਸ਼ਡਿਊਲ ਜਲਦੀ ਹੀ ਜਾਰੀ ਕੀਤਾ ਜਾਵੇਗਾ।

ਅਜੈਵੀਰ ਸਿੰਘ ਲਾਲਪੁਰਾ ਨੇ ਕਹਿਾ ਕਿ ਇਨ੍ਹਾਂ ਕੈਂਪਾਂ ਵਿੱਚ ਮਹਿੰਗੇ ਅਤੇ ਜਟਿਲ ਟੈਸਟ ਪੂਰੀ ਤਰ੍ਹਾਂ ਮੁਫ਼ਤ ਕੀਤੇ ਜਾਣਗੇ। ਜਾਂਚ ਦੇ ਨਤੀਜੇ (ਸਪਾਟ ਰਿਪੋਰਟ) ਤੁਰੰਤ ਮਿਲਣਗੇ ਤਾਂ ਜੋ ਮਰੀਜ਼ਾਂ ਨੂੰ ਤੁਰੰਤ ਸਲਾਹ ਅਤੇ ਇਲਾਜ ਲਈ ਮਾਰਗਦਰਸ਼ਨ ਮਿਲ ਸਕੇ। ਨਾਲ ਹੀ ਕੈਂਸਰ ਸਮੇਤ ਹੋਰ ਬਿਮਾਰੀਆਂ ਵਿੱਚ ਵਰਤੀ ਜਾਣ ਵਾਲੀਆਂ ਮਹਿੰਗੀਆਂ ਅਤੇ ਗੁਣਵੱਤਾ ਵਾਲੀਆਂ ਦਵਾਈਆਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ। ਅੱਖਾਂ ਦੀ ਜਾਂਚ ਤੋਂ ਬਾਅਦ ਜਿਨ੍ਹਾਂ ਨੂੰ ਲੋੜ ਹੋਵੇਗੀ, ਉਨ੍ਹਾਂ ਨੂੰ ਉੱਚ ਗੁਣਵੱਤਾ ਵਾਲੇ ਚਸ਼ਮੇ ਵੀ ਬਿਲਕੁਲ ਮੁਫ਼ਤ ਵੰਡੇ ਜਾਣਗੇ।ਲਾਲਪੁਰਾ ਨੇ ਕਿਹਾ, "ਇਹ ਮੌਕਾ ਬਹੁਤ ਮਹੱਤਵਪੂਰਨ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕੈਂਪਾਂ ਨੂੰ ਕਿਸੇ ਵੀ ਹਾਲ 'ਚ ਨਾ ਗੁਆਉਣ। ਕੈਂਸਰ ਵਰਗੀ ਗੰਭੀਰ ਬਿਮਾਰੀ ਦਾ ਸਮੇਂ 'ਤੇ ਪਤਾ ਲੱਗਣਾ ਹੀ ਸਭ ਤੋਂ ਵੱਡਾ ਇਲਾਜ ਹੈ। ਸਾਡੀ ਕੋਸ਼ਿਸ਼ ਹੈ ਕਿ ਕੋਈ ਵੀ ਵਿਅਕਤੀ ਆਰਥਿਕ ਤੰਗੀ ਜਾਂ ਸਾਧਨਾਂ ਦੀ ਘਾਟ ਕਰਕੇ ਆਪਣੀ ਜਾਂਚ ਅਤੇ ਇਲਾਜ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਪੰਜਾਬ ਵਿੱਚ ਸਿਹਤ ਸੇਵਾਵਾਂ ਦੀ ਦਿਸ਼ਾ ਬਦਲਣ ਵਾਲੇ ਸਾਬਤ ਹੋਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਇਹਨਾਂ ਨੂੰ ਹੋਰ ਵੱਡੇ ਪੱਧਰ 'ਤੇ ਚਲਾਇਆ ਜਾਵੇਗਾ।

ਐਸ.ਡੀ.ਐਮ. ਨੇ ਬਿਨਾਂ ਅੱਗ ਲਗਾਏ ਪਰਾਲੀ ਪ੍ਰਬੰਧਨ ਲਈ ਨੰਬਰਦਾਰਾਂ,ਕਿਸਾਨਾਂ ਅਤੇ ਆਮ ਲੋਕਾਂ ਨੂੰ ਕੀਤਾ ਲਾਮਬੰਦ

ਮਲੇਰਕੋਟਲਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਆਉਣ ਲਈ ਚਲਾਈ ਜਾ ਰਹੀ ਮੁਹਿੰਮ ਦੇ ਤਹਿਤ ਅੱਜ ਐਸ.ਡੀ.ਐਮ. ਅਹਿਮਦਗੜ੍ਹ ਗੁਰਮੀਤ ਕੁਮਾਰ ਬਾਂਸਲ ਨੇ ਤਹਿਸੀਲ ਕੰਪਲੈਕਸ ਅਹਿਮਦਗੜ੍ਹ ਵਿਖੇ ਨੰਬਰਦਾਰਾਂ, ਆੜਤੀਆਂ, ਕਿਸਾਨਾਂ, ਕੰਬਾਈਨ ਮਾਲਕਾਂ, ਔਰਤਾਂ ਅਤੇ ਹੋਰ ਪਿੰਡ ਨਿਵਾਸੀਆਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਜਾਗਰੂਕ ਕੀਤਾ ।

ਐਸ.ਡੀ.ਐਮ. ਗੁਰਮੀਤ ਕੁਮਾਰ ਬਾਂਸਲ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਅਤੇ ਇਸ ਨਾਲ ਮਨੁੱਖਾਂ, ਪਸ਼ੂਆਂ ਅਤੇ ਪੰਛੀਆਂ ਦੀ ਸਿਹਤ 'ਤੇ ਵੀ ਗੰਭੀਰ ਅਸਰ ਪੈਂਦਾ ਹੈ। ਅੱਗ ਨਾਲ ਪੈਦਾ ਹੋਇਆ ਧੂੰਆਂ ਸਾਹ ਸਬੰਧੀ ਬੀਮਾਰੀਆਂ ਤੋਂ ਇਲਾਵਾ ਹੋਰ ਕਈ ਭਿਆਨਕ ਬੀਮਾਰੀਆਂ ਦਾ ਕਾਰਨ ਬਣ ਸਕਦਾ ਹੈ, ਜਦਕਿ ਵਾਤਾਵਰਨ ਦਾ ਪ੍ਰਦੂਸ਼ਣ ਵੀ ਤੇਜ਼ੀ ਨਾਲ ਵਧਦਾ ਹੈ।

ਉਨ੍ਹਾਂ ਕਿਹਾ ਕਿ ਕਿਸਾਨ ਖੇਤੀਬਾੜੀ ਵਿਭਾਗ ਵੱਲੋਂ ਸਿਫਾਰਸ਼ ਕੀਤੀਆਂ ਆਧੁਨਿਕ ਮਸ਼ੀਨਾਂ ਅਤੇ ਸੰਦਾਂ ਦੀ ਵਰਤੋਂ ਕਰਕੇ ਖੇਤਾਂ ਵਿੱਚ ਹੀ ਪਰਾਲੀ ਦਾ ਸੁਚੱਜਾ ਨਿਪਟਾਰਾ ਕਰ ਸਕਦੇ ਹਨ। ਇਹ ਉਪਰਾਲਾ ਨਾ ਸਿਰਫ਼ ਵਾਤਾਵਰਨ ਦੀ ਸੁਰੱਖਿਆ ਲਈ ਲਾਭਕਾਰੀ ਹੈ, ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਕਾਇਮ ਰੱਖਣ ਵਿੱਚ ਸਹਾਇਕ ਹੈ।

ਐਸ.ਡੀ.ਐਮ. ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੋਡਲ ਅਫਸਰ ਤੈਨਾਤ ਕੀਤੇ ਗਏ ਹਨ ਜੋ ਪਿੰਡਾਂ ਵਿੱਚ ਕਿਸਾਨਾਂ ਨਾਲ ਨਿਰੰਤਰ ਸੰਪਰਕ ਕਰਦੇ ਹੋਏ ਪਰਾਲੀ ਨੂੰ ਅੱਗ ਲਗਾਉਣ ਦੇ ਨੁਕਸਾਨ ਅਤੇ ਇਸ ਦੇ ਸੁਚੱਜੇ ਨਿਪਟਾਰੇ ਬਾਰੇ ਜਾਗਰੂਕਤਾ ਪੈਦਾ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਕਿਸਾਨ ਪਰਾਲੀ ਨੂੰ ਅੱਗ ਲਗਾਉਂਦਾ ਪਾਇਆ ਗਿਆ ਤ

ਕਿਸਮਤ ਵਾਲਾ ਹਾਂ ਕਿ ਮੈਂ ਆਰਐੱਸਐੱਸ ਦੇ 100ਵੇਂ ਸਥਾਪਨਾ ਦਿਵਸ ਦਾ ਗਵਾਹ ਬਣਿਆ: ਮੋਦੀ

ਪ੍ਰਧਾਨ ਮੰਤਰੀ ਵੱਲੋਂ ਆਰਐੱਸਐੱਸ ਦੇ 100ਵੇਂ ਸਥਾਪਨਾ ਦਿਵਸ 'ਤੇ ਯਾਦਗਾਰੀ ਟਿਕਟ ਤੇ ਸਿੱਕਾ ਜਾਰੀ

ਨਵੀਂ ਦਿੱਲੀ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਕਿਸਮਤ ਵਾਲੇ ਹਨ ਕਿ ਉਨ੍ਹਾਂ ਨੂੰ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੇ ਸਥਾਪਨਾ ਦਿਵਸ ਦੀ ਸ਼ਤਾਬਦੀ ਵਰ੍ਹੇਗੰਢ ਦਾ ਗਵਾਹ ਬਣਨ ਦਾ ਮੌਕਾ ਮਿਲਿਆ ਹੈ। ਪ੍ਰਧਾਨ ਮੰਤਰੀ ਨੇ ਆਰਐੱਸਐੱਸ ਦੇ 100 ਸਾਲ ਪੂਰੇ ਹੋਣ ਦੀ ਯਾਦ ਵਿੱਚ ਇੱਕ ਵਿਸ਼ੇਸ਼ ਡਾਕ ਟਿਕਟ ਅਤੇ ਇੱਕ ਸਿੱਕਾ ਵੀ ਜਾਰੀ ਕੀਤਾ।

ਉਨ੍ਹਾਂ ਕਿਹਾ ਕਿ ਆਰਐੱਸਐੱਸ ਦੀ ਸ਼ਾਨਦਾਰ 100 ਸਾਲਾਂ ਦੀ ਯਾਤਰਾ ਕੁਰਬਾਨੀ, ਨਿਰਸਵਾਰਥ ਸੇਵਾ, ਰਾਸ਼ਟਰ ਨਿਰਮਾਣ ਅਤੇ ਅਨੁਸ਼ਾਸਨ ਦੀ ਇੱਕ ਅਸਾਧਾਰਨ ਮਿਸਾਲ ਹੈ। ਪ੍ਰਧਾਨ ਮੰਤਰੀ ਨੇ ਕਿਹਾ, 'ਸਾਡੀ 'ਸਵੈਮਸੇਵਕਾਂ' ਦੀ ਪੀੜ੍ਹੀ ਭਾਗਾਂ ਵਾਲੀ ਹੈ ਕਿ ਉਨ੍ਹਾਂ ਨੂੰ ਆਰਐੱਸਐੱਸ ਦਾ ਸ਼ਤਾਬਦੀ ਸਾਲ ਦੇਖਣ ਨੂੰ ਮਿਲਿਆ ਹੈ।"

ਸ੍ਰੀ ਮੋਦੀ ਨੇ ਕਿਹਾ ਕਿ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਆਰਐੱਸਐੱਸ ਨੇ ਰਾਸ਼ਟਰ ਨਿਰਮਾਣ 'ਤੇ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਆਰਐੱਸਐੱਸ ਸਮਾਜ ਦੇ ਵੱਖ-ਵੱਖ ਵਰਗਾਂ ਵਿੱਚ ਕੰਮ ਕਰਦਾ ਹੈ, ਪਰ ਉਨ੍ਹਾਂ ਵਿੱਚ ਕਦੇ ਵੀ ਵਿਰੋਧਾਭਾਸ ਨਹੀਂ ਹੁੰਦਾ ਕਿਉਂਕਿ ਉਹ 'ਰਾਸ਼ਟਰ ਪਹਿਲਾਂ' ਦੇ ਸਿਧਾਂਤ 'ਤੇ ਕੰਮ ਕਰਦੇ ਹਨ।

ਇਸ ਦੌਰਾਨ 2 ਅਕਤੂਬਰ ਨੂੰ ਆਰਐੱਸਐੱਸ ਦੇ ਸ਼ਤਾਬਦੀ ਵਰ੍ਹੇ ਦੇ ਜਸ਼ਨਾਂ ਤੋਂ ਪਹਿਲਾਂ ਭਾਜਪਾ ਦੇ ਘੱਟ ਗਿਣਤੀ ਮੋਰਚੇ ਨੇ ਸੰਘ ਦੇ ਸੰਸਥਾਪਕ ਕੇਸ਼ਵ ਬਲੀਰਾਮ ਹੈਡਗੇਵਾਰ ਲਈ ਭਾਰਤ ਰਤਨ ਦੀ ਮੰਗ ਕੀਤੀ ਹੈ। ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਲਿਖੇ ਇੱਕ ਪੱਤਰ ਵਿੱਚ, ਭਾਜਪਾ ਘੱਟ ਗਿਣਤੀ ਮੋਰਚੇ ਦੇ ਰਾਸ਼ਟਰੀ ਪ੍ਰਧਾਨ ਜਮਾਲ ਸਿੱਦੀਕੀ ਨੇ ਆਰਐਸਐਸ ਦੇ ਸੰਸਥਾਪਕ ਅਤੇ ਸੁਤੰਤਰਤਾ ਸੈਨਾਨੀ ਡਾ. ਕੇਸ਼ਵ ਬਲੀਰਾਮ ਹੈਡਗੇਵਾਰ ਨੂੰ ਮਰਨ ਉਪਰੰਤ ਭਾਰਤ ਦੇ ਸਰਵਉੱਚ ਨਾਗਰਿਕ ਸਨਮਾਨ ÷ਭਾਰਤ ਰਤਨ÷ ਦੇਣ ਦੀ ਮੰਗ ਕੀਤੀ ਹੈ।

ਕੇਂਦਰ ਦਾ ਵੱਡਾ ਫੈਸਲਾ: ਮਹਿੰਗਾਈ ਭੱਤੇ 'ਚ ਤਿੰਨ ਫੀਸਦ ਵਾਧਾ; ਕਰਮਚਾਰੀਆਂ ਤੇ ਪੈਨਸ਼ਨਰਾਂ ਨੂੰ ਮਿਲੇਗਾ ਲਾਭ

ਡੀਏ ਅਤੇ ਡੀਆਰ ਵਿੱਚ ਵਾਧੇ ਕਾਰਨ ਸਰਕਾਰੀ ਖਜ਼ਾਨੇ 'ਤੇ 10,083.96 ਕਰੋੜ ਰੁਪਏ ਪ੍ਰਤੀ ਸਾਲ ਪ੍ਰਭਾਵ ਪਵੇਗਾ

ਨਵੀਂ ਦਿੱਲੀ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੇਂਦਰੀ ਮੰਤਰੀ ਮੰਡਲ ਨੇ ਲਗਭਗ 49.19 ਲੱਖ ਕੇਂਦਰੀ ਸਰਕਾਰੀ ਕਰਮਚਾਰੀਆਂ ਅਤੇ 68.72 ਲੱਖ ਪੈਨਸ਼ਨਰਾਂ ਲਈ ਮਹਿੰਗਾਈ ਭੱਤਾ (41) ਅਤੇ ਮਹਿੰਗਾਈ ਰਾਹਤ (DR) ਵਿੱਚ ਤਿੰਨ-ਤਿੰਨ ਫੀਸਦ ਦਾ ਵਾਧਾ ਕੀਤਾ।

ਹੁਣ ਤੱਕ ਡੀਏ ਅਤੇ ਡੀਆਰ ਮੂਲ ਤਨਖਾਹ/ਪੈਨਸ਼ਨ ਦਾ 55 ਫੀਸਦ ਸਨ ਅਤੇ ਤਿੰਨ ਫੀਸਦ ਵਾਧਾ 1 ਜੁਲਾਈ, 2025 ਤੋਂ ਲਾਗੂ ਹੈ।

ਕੈਬਨਿਟ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਜਾਣਕਾਰੀ ਦਿੰਦੇ ਹੋਏ, ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਡੀਏ ਅਤੇ ਡੀਆਰ ਵਿੱਚ ਵਾਧੇ ਦਾ ਸਰਕਾਰੀ ਖਜ਼ਾਨੇ 'ਤੇ ਕੁੱਲ 10,083.96 ਕਰੋੜ ਰੁਪਏ ਦਾ ਸਾਲਾਨਾ ਪ੍ਰਭਾਵ ਪਵੇਗਾ।

ਇਹ ਵਾਧਾ ਸੱਤਵੇਂ ਕੇਂਦਰੀ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਪ੍ਰਵਾਨਿਤ ਫਾਰਮੂਲੇ ਦੇ ਅਨੁਸਾਰ ਹੈ।

ਪਰਾਲੀ ਨੂੰ ਖ਼ੁਦ ਅੱਗ ਨਾ ਲਗਾਉਣ ਤੋਂ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਮੁਸਤੈਦ

ਡੀ.ਸੀ, ਐਸ.ਐਸ.ਪੀ., ਏ.ਡੀ.ਸੀਜ, ਐਸ.ਡੀ.ਐਮਜ, ਖੇਤੀਬਾੜੀ, ਸਹਿਕਾਰਤਾ ਵਿਭਾਗ ਤੇ ਪੁਲਿਸ ਟੀਮਾਂ ਵੱਲੋਂ ਪਿੰਡਾਂ 'ਚ ਜਾਗਰੂਕਤਾ ਮੁਹਿੰਮ ਜ਼ੋਰਾਂ 'ਤੇ

ਪਟਿਆਲਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨਾਂ ਨੂੰ ਜਮੀਨ ਦੀ ਉਪਜਾਊ ਸ਼ਕਤੀ ਵਧਾਉਣ ਤੇ ਵਾਤਾਵਰਣ ਬਚਾਉਣ ਲਈ ਪਰਾਲੀ ਜਮੀਨ 'ਚ ਹੀ ਮਿਲਾਉਣ ਦਾ ਸੱਦਾ ਹੈ। ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਜਾਗਰੂਕਤਾ ਮੁਹਿਮ ਚਲਾਉਂਦੇ ਹੋਏ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ ਵਰੁਣ ਸ਼ਰਮਾ ਸਮੇਤ ਸਾਰੇ ਏ.ਡੀ.ਸੀਜ, ਐਸ.ਡੀ.ਐਮਜ, ਖੇਤੀਬਾੜੀ ਤੇ ਸਹਿਕਾਰਤਾ ਵਿਭਾਗਾਂ ਦੀਆਂ ਟੀਮਾਂ ਲਗਾਤਾਰ ਪਿੰਡਾਂ ਵਿੱਚ ਜਾਗਰੂਕਤਾ ਮੁਹਿਮ ਜ਼ੋਰਾਂ 'ਤੇ ਚਲਾ ਰਹੀਆਂ ਹਨ। ਇਸ ਤਹਿਤ ਕਿਸਾਨਾਂ ਨੂੰ ਪਰਾਲੀ ਸੰਭਾਲਣ ਲਈ ਇਨਸੀਟੂ ਤੇ ਐਕਸ ਸੀਟੂ ਤਕਨੀਕਾਂ ਅਧੀਨ ਬੇਲਰ, ਮਲਚਰ, ਪਲਾਅ, ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ ਅਤੇ ਐਸ.ਐਮ.ਐਸ ਲੱਗੀਆਂ ਕੰਬਾਇਨਾਂ ਵਰਤਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਹੈ ਕਿ ਜ਼ਿਲ੍ਹੇ ਦੇ ਅਗਾਂਹਵਧੂ ਕਿਸਾਨ ਵਾਤਾਵਰਣ ਅਤੇ ਜਮੀਨ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਅੱਗੇ ਆ ਰਹੇ ਹਨ। ਉਨ੍ਹਾਂ ਕਿਸਾਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਸਮੁੱਚੀ ਟੀਮ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਕਿਸਾਨਾਂ ਨੂੰ ਲੋੜੀਂਦੀ ਮਸ਼ੀਨਰੀ ਮੁਹੱਈਆ ਕਰਵਾਈ ਜਾ ਰਹੀ ਹੈ, ਜਿਸ ਲਈ ਕਿਸਾਨ ਪਰਾਲੀ ਕੰਟਰੋਲ ਰੂਮ ਨੰਬਰ 0175-2350550 'ਤੇ ਸੰਪਰਕ ਕਰਕੇ ਆਪਣੀ ਮਸ਼ੀਨਰੀ ਬੁੱਕ ਕਰਵਾ ਸਕਦੇ ਹਨ।

ਪਟਿਆਲਾ ਜ਼ਿਲ੍ਹੇ ਭਰ ਦੇ ਸਾਰੇ ਪਿੰਡਾਂ 'ਚ 938 ਨੋਡਲ ਅਫ਼ਸਰ ਅਤੇ 101 ਕਲਸਟਰ ਅਫ਼ਸਰਾਂ ਸਮੇਤ 13 ਆਬਜ਼ਰਵਰਾਂ ਤੋਂ ਇਲਾਵਾ ਫਲਾਇੰਗ ਸੁਕੈਡ ਦਾ ਗਠਨ ਕਰਦੇ ਹੋਏ 6 ਏ.ਡੀ.ਸੀ. ਤੇ 6 ਐਸ.ਪੀ ਪੱਧਰ ਦੇ ਅਫ਼ਸਰ ਵੀ ਪਰਾਲੀ ਸਾੜਨ ਤੋਂ ਰੋਕਣ ਲਈ ਕਿਸਾਨਾਂ ਨਾਲ ਮੀਟਿੰਗਾਂ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਹਨ।

ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਤੋਂ ਰੋਕਣ ਲਈ ਨਾਭਾ ਸਬ ਡਵੀਜ਼ਨ ਵਿੱਚ ਵਧੀਕ ਆਬਕਾਰੀ ਤੇ ਕਰ ਕਮਿਸ਼ਨਰ ਪ੍ਰਸ਼ਾਸਨ ਇਸ਼ਾ ਸਿੰਗਲ ਅਤੇ ਐਸ.ਪੀ. ਸਪੈਸ਼ਲ ਬਰਾਂਚ ਜਸਬੀਰ ਸਿੰਘ, ਪਟਿਆਲਾ ਸਬ ਡਵੀਜਨ 'ਚ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ ਤੇ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ, ਪਾਤੜਾਂ ਸਬ ਡਵੀਜਨ 'ਚ ਏ.ਡੀ.ਸੀ. ਦਿਹਾਤੀ ਵਿਕਾਸ ਤੇ ਐਸ.ਪੀ. ਸਾਇਬਰ ਕ੍ਰਾਈਮ ਆਸਵੰਤ ਸਿੰਘ ਧਾਲੀਵਾਲ, ਸਮਾਣਾ ਸਬ ਡਵੀਜਨ ਲਈ ਸਕੱਤਰ ਆਰ.ਟੀ.ਏ. ਮਨਜੀਤ ਸਿੰਘ ਚੀਮਾ ਤੈਨਾਤ ਕੀਤਾ ਗਿਆ ਹੈ।

ਨੌਵੇਂ ਪਾਤਸਾਹ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰਦੁਆਰਾ ਬਹਾਦਰਗੜ੍ਹ ਸਾਹਿਬ ਤੋਂ ਸਜਾਇਆ ਨਗਰ ਕੀਰਤਨ

ਗਤਕਾ ਪਾਰਟੀਆਂ ਨੇ ਵਿਖਾਏ ਜੌਹਰ, ਸ਼ਬਦੀ ਜੱਥਿਆਂ ਨੇ ਚਲਾਇਆ ਗੁਰਬਾਣੀ ਪ੍ਰਵਾਹ

ਬਹਾਦਰਗੜ੍ਹ/ਪਟਿਆਲਾ 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਨੌਵੇਂ ਪਾਤਸਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਗੁਰੂ ਸਾਹਿਬ ਦੀ ਚਰਨਛੋਹ ਧਰਤੀ ਅਤੇ ਪਾਵਨ ਇਤਿਹਾਸਕ ਅਸਥਾਨ ਪਾਤਸਾਹ ਨੌਵੀਂ ਬਹਾਦਰਗੜ੍ਹ ਸਾਹਿਬ ਵਿਖੇ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਵਿਚ ਨਗਰ ਕੀਰਤਨ ਸਜਾਇਆ ਗਿਆ। ਇਸ ਦੌਰਾਨ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਭਾਈ ਅਵਤਾਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਅਦਬ ਅਤੇ ਸਤਿਕਾਰ ਨਾਲ ਫੁੱਲਾਂ ਨਾਲ ਸਜੀ ਪਾਲਕੀ ਵਿਚ ਸੁਸ਼ੋਭਿਤ ਕੀਤਾ ਅਤੇ ਝੰਡੇ ਸਾਹਿਬ ਦੀ ਸੇਵਾ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਆਪਣੇ ਕਰ ਕਮਲਾਂ ਨੇ ਕੀਤੀ। ਨਗਰ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਅਤੇ ਸੰਤ ਮਹਾਂਪੁਰਸ਼ਾਂ 'ਚ ਮਾਤਾ ਵਿਪਨਪ੍ਰੀਤ ਕੌਰ ਲੁਧਿਆਣੇ ਵਾਲੇ, ਬਾਬਾ ਹਰਚਰਨ ਸਿੰਘ ਨਾਨਕਸਰ ਕੁਟੀਆਂ ਵਾਲੇ, ਬਾਬਾ ਭੁਪਿੰਦਰ ਸਿੰਘ, ਕਮਾਂਡੋਜ਼ ਬਟਾਲੀਅਨ ਬਹਾਦਰਗੜ੍ਹ ਤੋਂ ਕਮਾਂਡੈਂਟ ਗੁਰਪ੍ਰੀਤ ਸਿੰਘ, ਹਰਦੀਪ ਸਿੰਘ ਬਡੂੰਗਰ ਉਚੇਚੇ ਤੌਰ 'ਤੇ ਸ਼ਾਮਲ ਹੋਏ।



ਨਗਰ ਕੀਰਤਨ ਦੌਰਾਨ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਸੰਗਤਾਂ ਨੂੰ ਆਗਮਨ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ ਸਾਹਿਬ ਦੇ ਸਬੰਧ ਵਿਚ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਪ੍ਰਚਾਰ ਪਸਾਰ ਦੀ ਲਹਿਰ ਨੂੰ ਪ੍ਰਚੰਡ ਕਰਦੇ ਹੋਏ ਇਸ ਪਾਵਨ ਧਰਤੀ 'ਤੇ ਪਹੁੰਚ ਕਰਕੇ ਸੰਗਤਾਂ ਦਾ ਕਲਿਆਣ ਕੀਤਾ ਅਤੇ ਗੁਰੂ ਸਾਹਿਬ ਦੇ ਫਲਸਫੇ ਨਾਲ ਜੋੜਿਆ। ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਤਿਹਾਸ ਅੰਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਅਤੇ ਬਲਿਦਾਨ ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਕਰਦਾ ਹੈ। ਉਨ੍ਹਾਂ ਦਾ ਉਦੇਸ਼ ਗੁਰੂ ਸਾਹਿਬ ਦੇ ਭਾਣੇ 'ਚ ਰਹਿ ਕੇ ਮਾਨਵਤਾ ਦਾ ਕਲਿਆਣ ਕਰਨਾ ਰਿਹਾ ਅਤੇ ਹਿੰਦੂ ਧਰਮ ਗੁਰੂਆਂ ਦੀ ਅਪੀਲ 'ਤੇ ਆਪਣਾ ਆਪ ਬਲਿਦਾਨ ਦੇਣ ਲਈ ਤਿਆਰ ਹੋਣ ਦੇ ਸੰਕਲਪ ਨੇ ਸਮੁੱਚੀ ਲੋਕਾਈ ਨੂੰ ਪ੍ਰਮਾਤਮਾ ਦੇ ਘਰ ਵੱਲ ਜਾਣ ਦੀ ਜੀਵਨ ਜਾਂਚ ਨਾਲ ਪ੍ਰੇਰਿਤ ਕੀਤਾ ਅੱਜ ਲੋੜ ਹੈ ਕਿ ਗੁਰੂ ਸਾਹਿਬ ਦੀ ਬਾਣੀ ਤੇ ਉਦੇਸ਼ ਨੂੰ ਹੋਰ ਅੱਗੇ ਲਿਜਾਈਏ ਤਾਂ ਕਿ ਸਮੁੱਚੀ ਮਾਨਵਤਾ ਦਾ ਕਲਿਆਣ ਹੋ ਸਕੇ।

ਇਸ ਮੌਕੇ ਬੁੱਢਾ ਦਲ ਦੇ ਮੁੱਖੀ ਬਾਬਾ ਬਲਬੀਰ ਸਿੰਘ 96ਕਰੋੜੀ ਨੇ ਵੀ ਸੰਗਤਾਂ ਨੂੰ ਆਗਮਨ ਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਅੱਜ ਸਮੁੱਚਾ ਸਿੱਖ ਜਗਤ ਗੁਰੂ ਸਾਹਿਬ ਦੀ 350 ਸਾਲਾ ਸ਼ਤਾਬਦੀ ਨੂੰ ਪੂਰੇ ਉਤਸ਼ਾਹ ਨਾਲ ਮਨਾ ਰਿਹਾ ਹੈ ਅਤੇ ਮਨੁੱਖਤਾ ਨੂੰ ਅਜਿਹੇ ਮਹਾਨ ਕਾਰਜ ਵਿਚ ਪੁੱਜ ਕੇ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਵੀ ਅਪਣਾਉਣਾ ਚਾਹੀਦਾ। ਨਗਰ ਕੀਰਤਨ ਦੌਰਾਨ ਫੁੱਲਾਂ ਨਾਲ ਸਜੀ ਪਾਲਕੀ ਜਿੱਥੇ ਖਿੱਚ ਦਾ ਕੇਂਦਰ ਬਣੀ ਹੋਈ ਸੀ, ਉੱਥੇ ਹੀ ਗਤਕਾ ਪਾਰਟੀਆਂ ਨੇ ਵੀ ਗਤਕੇ ਦੇ ਜੌਹਰ ਵਿਖਾਏ।ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਸੰਗਤਾਂ ਨੇ ਫੁੱਲਾਂ ਦੀ ਵਰਖਾ ਕੀਤੀ ਅਤੇ ਵਾਹਿਗੁਰੂ ਦੇ ਨਾਮ ਸਿਮਰਨ ਕਰਦਿਆਂ ਪਾਲਕੀ ਦੇ ਨਾਲ ਨਾਲ ਚੱਲਦਿਆਂ ਮਾ

ਹੌਲ ਨੂੰ ਹੋਰ ਵੀ ਸੁਖਾਵਾਂ ਬਣਾਇਆ। ਇਸ ਦੌਰਾਨ ਗੁਰੂ ਸਾਹਿਬ ਦੀ ਪਾਲਕੀ 'ਤੇ ਅਸਮਾਨ ਵਿਚ ਆਏ ਹੈਲੀਕਾਪਟਰ ਨੇ ਫੁੱਲਾਂ ਦੀ ਵਰਖਾ ਕਰਕੇ ਸੰਗਤਾਂ ਵਿਚ ਹੋਰ ਵਧੇਰੇ ਜੋਸ਼ ਭਰਿਆ।

ਨਗਰ ਕੀਰਤਨ ਦਾ ਪਹਿਲੇ ਪੜਾਅ ਵਿਚ ਕਮਾਂਡੋਜ਼ ਕੰਪਲੈਕਸ ਬਹਾਦਰਗੜ੍ਹ ਵਿਖੇ ਪੰਜਾਬ ਪੁਲਿਸ ਦੀਆਂ ਟੁਕੜੀਆਂ ਵੱਲੋਂ ਗੁਰੂ ਸਾਹਿਬ ਦੀ ਪਾਲਕੀ ਦਾ ਨਿੱਘਾ ਸਵਾਗਤ ਕੀਤਾ ਗਿਆ।

ਪੰਜਾਬ ਬਣੇਗਾ ਦੇਸ਼ ਦਾ ਅਗਲਾ ਵਪਾਰਕ ਗੜ੍ਹ: ਮੁੱਖ ਮੰਤਰੀ

ਰਾਜਪੁਰਾ ਵਿੱਚ ਬਹੁਕੌਮੀ ਕੰਪਨੀ ਡੀ ਹਿਊਜ਼ ਦੇ ਪਲਾਂਟ ਦਾ ਕੀਤਾ ਉਦਘਾਟਨ; ਪੰਜਾਬ ਤੇ ਹਾਲੈਂਡ ਵਿਚਾਲੇ ਮਜ਼ਬੂਤ ਸਾਂਝ ਨੂੰ ਕੀਤਾ ਚੇਤਾ

ਰਾਜਪੁਰਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਨੇ ਅੱਜ ਉਮੀਦ ਜਤਾਈ ਕਿ ਆਪਣੀਆਂ ਸਨਅਤ ਪੱਖੀ ਤੇ ਕਾਰੋਬਾਰ ਲਈ ਅਨੁਕੂਲ ਮਾਹੌਲ ਕਾਰਨ ਸੂਬਾ ਮੁਲਕ ਦੇ ਅਗਲੇ ਵਪਾਰਕ ਗੜ੍ਹ ਵਜੋਂ ਉੱਭਰੇਗਾ। ਇੱਥੇ ਹਾਲੈਂਡ ਆਧਾਰਤ ਬਹੁਕੌਮੀ ਕੰਪਨੀ ਡੀ ਹਿਊਜ਼ ਦੇ ਪਸ਼ੂ ਫੀਡ ਪਲਾਂਟ ਦਾ ਉਦਘਾਟਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਨਅਤੀ ਤਰੱਕੀ ਨੂੰ ਹੁਲਾਰਾ ਦੇਣ ਲਈ ਕਾਰੋਬਾਰ ਵਿੱਚ ਸੌਖੇ ਸਣੇ ਕਈ ਅਹਿਮ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਹਮੇਸ਼ਾ ਤੋਂ ਮਿਹਨਤੀ, ਉੱਦਮੀ ਅਤੇ ਅਮੀਰ ਵਿਰਾਸਤ ਦੀ ਧਰਤੀ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਭਾਰਤ ਦਾ ਅਨਾਜ ਭੰਡਾਰ ਹੋਣ ਉੱਤੇ ਮਾਣ ਹੈ ਕਿਉਂਕਿ ਦੇਸ਼ ਦੇ ਅਨਾਜ ਭੰਡਾਰ ਵਿੱਚ ਸੂਬਾ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਦੇ ਸਨਅਤੀ ਸਫ਼ਰ ਵਿੱਚ ਸਿਫ਼ਤੀ ਤਬਦੀਲੀ ਆਈ ਹੈ, ਜਿਸ ਨਾਲ ਇਸ ਖ਼ੇਤਰ ਵਿੱਚ ਤੇਜ਼ ਰਫ਼ਤਾਰ ਦੇਖਣ ਨੂੰ ਮਿਲੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੁਣ ਪੰਜਾਬ ਸਨਅਤੀ ਪਾਵਰਹਾਊਸ ਬਣ ਗਿਆ ਹੈ ਅਤੇ ਫੂਡ ਪ੍ਰਾਸੈਸਿੰਗ, ਟੈਕਸਟਾਇਲ, ਆਟੋ ਕੰਪੋਨੈਂਟ, ਹੈਂਡ ਟੂਲਜ਼, ਸਾਈਕਲ, ਆਈ.ਟੀ., ਟੂਰਿਜ਼ਮ ਤੇ ਹੋਰ ਖ਼ੇਤਰਾਂ ਵਿੱਚ ਮੋਹਰੀ ਭੂਮਿਕਾ ਵਿੱਚ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਨਅਤੀ ਤਰੱਕੀ ਅਸਲ ਵਿੱਚ ਆਲਮੀ ਮ

ਦੁਨੀਆਂ ਦਾ ਅਨੋਖਾ ਯੂਰਪੀਅਨ ਦੇਸ਼ 'ਆਸਟਰੀਆ'

– ਹਰਦੀਪ ਸਿੰਘ ਮਾਨ

ਆਓ ਇਕ ਅਜਿਹੇ ਦੇਸ਼ ਦੀ ਕਲਪਨਾ ਕਰੀਏ ਜਿਸ ਵਿਚ ਧਰਮ-ਨਿਰਪੱਖਤਾ, ਇਨਸਾਨੀ-ਬਰਾਬਰੀ, ਕਾਨੂੰਨ ਦੀ ਪਾਲਣਾਂ, ਮਨੁੱਖੀ ਅਜ਼ਾਦੀ ਅਤੇ ਹਰ ਅਦਾਰੇ ਤੇ ਨਿਯੰਤਰਣ ਹੋਵੇ, ਜਿੱਥੇ ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰੇ ਰੰਗ, ਨਸਲ, ਮਜ਼ਬ ਅਤੇ ਵੱਖਰੀ ਦਿੱਖ ਦੇ ਆਧਾਰ ਤੋਂ ਬਿਨਾਂ ਕੰਮ ਕਰਨ। ਜੇ ਦੂਜੇ ਸ਼ਬਦਾਂ ਵਿਚ ਕਹੀਏ, ਇਕ ਆਮ ਨਾਗਰਿਕ ਆਪਣੇ ਦੇਸ਼ ਜਾਂ ਸ਼ਹਿਰ ਤੋਂ ਸ਼ੁੱਧ ਹਵਾ-ਪਾਣੀ, ਸੁਰੱਖਿਅਤ-ਜੀਵਨ, ਰੋਜ਼ਗਾਰ, ਸਰਕਾਰੀ ਸਹੂਲਤਾਂ, ਬੁਨਿਆਦੀ ਹੱਕ, ਸ਼ਾਂਤੀ ਅਤੇ ਇਨਸਾਫ਼ ਦੀ ਉਮੀਦ ਰੱਖਦਾ ਹੈ। ਹੁਣ ਦੇਖਦੇ ਹਾਂ, ਕੀ ਇਹ ਸਾਰੀਆਂ ਖੂਬੀਆਂ ਆਸਟਰੀਆ ਦੇਸ਼ ਵਿਚ ਹਨ?

ਆਸਟਰੀਆ:

ਆਸਟਰੀਆ, ਸੰਸਾਰ ਦੇ ਨਕਸ਼ੇ ਉੱਪਰ ਇਕ ਛੋਟਾ ਜਿਹਾ ਦਿਸਣ ਵਾਲਾ ਦੇਸ਼ ਅੱਜ ਤੋਂ 92 ਸਾਲ ਪਹਿਲਾਂ ਬਹੁਤ ਵੱਡਾ ਹੁੰਦਾ ਸੀ। ਪੂਰੇ ਦੇ ਪੂਰੇ ਦੇਸ਼ ਚੈਕੋ, ਸਲਾਵਾਕੀਆ, ਹੰਗਰੀ, ਸਲਵੇਨੀਆ, ਲਿਖਤਨਸਟਾਈਨ ਅਤੇ ਕੁਝ ਇਲਾਕੇ ਰੁਮਾਨੀਆ, ਇਟਲੀ, ਪੋਲੈਂਡ ਅਤੇ ਯੂਕਰੇਨ ਦੇ ਆਸਟਰੀਆ ਵਿਚ ਸ਼ਾਮਲ ਸਨ। ਆਸਟਰੀਆ ਵਾਰੇ ਬਹੁਤੇ ਲੋਕਾਂ ਨੂੰ ਜਾਣਕਾਰੀ ਨਾ ਹੋਣ ਕਰਕੇ ਉਹ ਇਸ ਨੂੰ ਆਸਟਰੇਲੀਆ ਨਾਂਵ ਤੇ ਬਦਲ ਦਿੰਦੇ ਹਨ। ਆਸਟਰੀਆ ਦਾ ਖ਼ੇਤਰਫਲ 83,858 ਵਰਗ ਕਿਲੋਮੀਟਰ ਹੈ, ਭਾਵ ਭਾਰਤ ਦਾ ਇਕ ਰਾਜ 'ਅਰੁਣਾਚਲ ਪ੍ਰਦੇਸ਼' ਪੂਰੇ ਆਸਟਰੀਆ ਦੇ ਬਰਾਬਰ ਹੈ। ਆਸਟਰੀਆ ਦੇ 9 ਰਾਜ ਹਨ। 'ਵਿਆਨਾ' ਆਸਟਰੀਆ ਦੀ ਰਾਜਧਾਨੀ ਹੈ। ਆਸਟਰੀਆ ਦੇ ਅੱਠ ਗੁਆਢੀ ਦੇਸ਼ਾਂ ਦੇ ਨਾਮ ਜਰਮਨੀ, ਸਵਿਟਜ਼ਰਲੈਂਡ, ਲਿਖਤਨਸਟਾਈਨ, ਇਟਲੀ, ਸਲਵੇਨੀਆ, ਹੰਗਰੀ, ਸਲਾਵਾਕੀਆ ਅਤੇ ਚੈਕੋ ਹਨ। ਇਸ ਦੇਸ਼ ਦਾ ਕਾਨੂੰਨੀ ਕੋਈ ਧਰਮ ਨਹੀਂ। ਵੈਸੇ, ਆਸਟਰੀਆ ਵਿਚ 78% ਕੈਥੋਲਿਕ, 5% ਪ੍ਰੋਟੈਸਟੈਂਟ, 2% ਮੁਸਲਮ ਧਰਮ ਦੇ ਲੋਕ ਰਹਿੰਦੇ ਹਨ। ਇੱਥੋਂ ਦੀ ਬੋਲੀ ਨੂੰ ਅੰਗ੍ਰੇਜ਼ੀ ਵਿਚ 'ਜਰਮਨ' ਅਤੇ ਜਰਮਨ ਵਿਚ 'ਡੁਚ' ਕਹਿੰਦੇ ਹਨ, ਭਾਵ ਇਸ ਦੇਸ਼ ਨੂੰ ਅੰਗ੍ਰੇਜ਼ੀ ਵਿਚ 'ਆਸਟਰੀਆ' ਅਤੇ ਜਰਮਨ ਜਾਂ ਡੁਚ ਵਿਚ 'ਉਸਟਰਾਰੀਖ਼' ਕਹਿੰਦੇ ਹਨ, ਇਸੇ ਤਰ੍ਹਾਂ ਹੀ ਰਾਜਧਾਨੀ ਨੂੰ ਅੰਗ੍ਰੇਜ਼ੀ ਵਿਚ 'ਵਿਆਨਾ' ਅਤੇ ਜਰਮਨ ਜਾਂ ਡੁਚ ਵਿਚ 'ਵੀਨ' ਕਹਿੰਦੇ ਹਨ।

ਸਰਵੇਖਣਾਂ ਅਨੁਸਾਰ ਆਸਟਰੀਆ ਵਿਚ ਜ਼ਿਆਦਾਤਰ ਮਰਦ 75 ਸਾਲ ਅਤੇ ਔਰਤਾਂ 81 ਸਾਲ ਤੱਕ ਉਮਰ ਭੋਗਦੀਆਂ ਹਨ। ਆਸਟਰੀਆ ਵਿਚ ਸਿਰਫ਼ ਚਾਰ ਰਾਜਨੀਤਿਕ ਪਾਰਟੀਆਂ ਤਾਕਤ ਵਿਚ ਹਨ। ਆਸਟਰੀਅਨ ਨਾਗਰਿਕ ਨੂੰ ਆਮ ਤੌਰ ਤੇ 20% ਟੈਕਸ ਦੇਣਾਂ ਪੈਂਦਾ ਹੈ। ਆਸਟਰੀਆ ਦੀ ਤਰੱਕੀ ਦਾ ਰਾਜ ਇੱਥੇ ਵੱਡੀ ਗਿਣਤੀ ਵਿਚ ਸੈਲਾਨੀਆਂ ਦਾ ਆਉਣਾਂ ਹੈ। ਸਾਲ ਦੇ 1.5 ਮਿਲੀਅਨ ਸੈਲਾਨੀ ਇੱਕਲੇ ਵਿਆਨਾ ਨੂੰ ਦੇਖਣ

ਆਉਂਦੇ ਹਨ ਅਤੇ ਇਹ ਗਿਣਤੀ ਹਰ ਸਾਲ ਵੱਧ ਵੀ ਜਾਂਦੀ ਹੈ। ਆਸਟਰੀਆ ਵੀ ਦੇਸ਼ ਬਾਰੇ ਮਸ਼ਹੂਰੀ ਅਤੇ ਸੈਲਾਨੀਆਂ ਦੀ ਮੰਗਾਂ ਨੂੰ ਪੂਰੀਆਂ ਕਰਨ ਵਿਚ ਕੋਈ ਕਸਰ ਨਹੀਂ ਛੱਡਦਾ। ਇਸ ਦੇਸ਼ ਨੇ ਹਰ ਤਰ੍ਹਾਂ ਦੇ ਮਹਾਨ ਵਿਅਕਤੀ ਪੈਦਾ ਕੀਤੇ ਜਿਵੇਂ ਅਭਿਨੇਤਾ, ਖਿਡਾਰੀ, ਲੇਖਕ, ਸੰਗੀਤਕਾਰ ਵਗੈਰਾ ਵਗੈਰਾ, ਜਿਨ੍ਹਾਂ ਨੇ ਸੰਸਾਰ ਭਰ ਵਿਚ ਆਸਟਰੀਆ ਦਾ ਨਾਮ ਉੱਚਾ ਕੀਤਾ ਅਤੇ ਕਰ ਰਹੇ ਹਨ। ਮਸ਼ਹੂਰ ਅਭਿਨੇਤਾ 'ਆਰਨੋਲਡ ਸਵਾਰਚੇਨੀਗਰ', ਜਿਸ ਨੇ 'ਕਮਾਡੋ' ਅਤੇ 'ਦਾ ਟਰਮੀਨੇਟਰ' ਵਰਗੀਆਂ ਅੰਗ੍ਰੇਜ਼ੀ ਫਿਲਮਾਂ ਵਿਚ ਕੰਮ ਕੀਤਾ ਅਤੇ ਹੁਣ ਵੀ ਉਸ ਦੀਆਂ ਨਵੀਆਂ ਫਿਲਮਾਂ ਆ ਰਹੀਆਂ ਹਨ, ਉਸ ਦਾ ਜਨਮ ਆਸਟਰੀਆ ਦੇ ਇਕ ਸ਼ਹਿਰ 'ਗਰਾਸ' ਵਿਚ ਹੀ ਹੋਇਆ ਹੈ। ਆਸਟਰੀਆ ਦੇ ਇਕ ਸੰਸਾਰ ਪ੍ਰਸਿੱਧ ਖਿਡਾਰੀ ਦਾ ਨਾਮ 'ਹਰਮਨ ਮਾਅਰ' ਹੈ, ਜਿਸ ਨੇ ਸਰਦੀ-ਰੁੱਤ ਦੀਆਂ ਖੇਡਾਂ ਵਿਚ ਆਸਟਰੀਆ ਲਈ ਕਈ ਸੋਨੇ ਦੇ ਤਮਗੇ ਜਿੱਤੇ। ਜਿਸ ਤਰ੍ਹਾਂ ਆਰਨੋਲਡ ਨੂੰ ਲੋਕੀਂ ਪਿਆਰ ਨਾਲ 'ਟਰਮੀਨੇਟਰ' ਕਹਿੰਦੇ ਹਨ, ਉਸੇ ਤਰ੍ਹਾਂ ਹਰਮਨ ਨੂੰ 'ਹਰਮੀਨੇਟਰ' ਕਹਿੰਦੇ ਹਨ।

ਆਬਾਦੀ ਘੱਟ ਹੋਣ ਕਰਕੇ ਹਰ ਆਸਟਰੀਅਨ ਨਾਗਰਿਕਤਾ ਪ੍ਰਾਪਤ ਮਰਦ ਨੂੰ 18 ਤੋਂ 35 ਸਾਲ ਦੀ ਉਮਰ ਦੇ ਵਿਚ 8 ਮਹੀਨੇ ਫ਼ੌਜ ਦੀ ਸਿਖਲਾਈ ਲਈ ਜਾਣਾਂ ਪੈਂਦਾ ਹੈ, ਤਾਂਕਿ ਲੜਾਈ ਲੱਗਣ ਤੇ ਸਾਰੇ ਮਰਦ ਆਪਣੇ ਕੰਮ-ਕਾਰ ਛੱਡ ਕੇ ਦੇਸ਼ ਲਈ ਲੜ੍ਹਨ ਲਈ ਪਹਿਲਾਂ ਤੋਂ ਹੀ ਤਿਆਰ ਰਹਿਣ। ਔਰਤਾਂ ਫ਼ੌਜੀ ਸਿਖਲਾਈ ਜਾਂ ਫ਼ੌਜ ਵਿਚ ਭਰਤੀ ਹੋਣ ਲਈ ਸਵੈ-ਇਛੁਕ ਜਾ ਸਕਦੀਆਂ ਹਨ, ਪਰ ਸਰੀਰਕ ਅਤੇ ਮਾਨਸਿਕ ਤੌਰ ਤੇ ਸੰਪੂਰਨ ਮਰਦਾਂ ਨੂੰ ਕਾਨੂੰਨੀ ਜਾਣਾਂ ਪੈਂਦਾ ਹੈ। ਫ਼ੌਜੀ ਸਿਖਲਾਈ ਦੌਰਾਨ ਸਰਕਾਰੀ ਬਿੱਲ ਮਾਫ਼ ਕਰ ਦਿੱਤੇ ਜਾਂਦੇ ਹਨ ਅਤੇ ਫ਼ੌਜੀ ਦੇ ਖਰਚਿਆਂ ਅਨੁਸਾਰ ਮਾਲੀ ਮਦਦ ਵੀ ਦਿੱਤੀ ਜਾਂਦੀ ਹੈ। ਆਸਟਰੀਆ ਵਿਚ 6 ਤੋਂ 15 ਸਾਲ ਦੀ ਉਮਰ ਦੇ ਬੱਚਿਆਂ ਦਾ ਸਕੂਲੇ ਜਾਣਾਂ ਜ਼ਰੂਰੀ ਹੈ। ਇੱਥੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਮੁਫ਼ਤ ਹੈ, ਸਿਰਫ਼ ਕਿਤਾਬਾਂ ਦੀ 10% ਕੀਮਤ ਦੇਣੀ ਪੈਂਦੀ ਹੈ, ਪਰ ਉਨੀ ਕੁ ਸਰਕਾਰ ਵਲੋਂ ਵੀ ਮਾਲੀ ਮਦਦ ਮਿਲ ਜਾਂਦੀ ਹੈ। ਯੂਨੀਵਰਸਿਟੀ ਵਿਚ ਪੜ੍ਹਨਾਂ ਵੀ ਇਸੇ ਤਰ੍ਹਾਂ ਹੀ ਹੈ, ਸਰਕਾਰ ਪੜ੍ਹਾਈ ਦਾ ਖ਼ਰਚਾ ਇਕ ਹੱਥ ਦੇ ਕੇ ਦੂਜੇ ਹੱਥ ਲੈ ਲੈਂਦੀ ਹੈ। ਵਿਦਿਆਰਥੀਆਂ ਨੂੰ ਹੋਰ ਬਹੁਤ ਸਾਰੀਆਂ ਸਹੂਲਤਾਂ ਮਿਲਦੀਆਂ ਹਨ, ਜਿਵੇਂ ਜਨਤਕ ਗੱਡੀਆਂ ਦੇ ਪਾਸ ਵਿਚ ਛੋਟ।

ਆਸਟਰੀਆ ਵਿਚ ਪਿਛਲੇ ਕੁਝ ਸਾਲਾਂ ਤੋਂ ਬਹੁਤ ਘੱਟ ਬੱਚੇ ਪੈਦਾ ਕੀਤੇ ਜਾ ਰਹੇ ਹਨ, ਸਾਲ 2001 ਵਿਚ ਪਿਛਲੇ ਸਾਲ ਨਾਲੋਂ 3000 ਬੱਚੇ ਘੱਟ ਪੈਦਾ ਹੋਏ, ਇਸ ਲਈ ਸਰਕਾਰ ਦੇਸ਼ ਦੇ ਭਵਿੱਖ ਲਈ ਬਹੁਤ ਚਿੰਤਕ ਹੈ। ਕਿਉਂਕਿ ਜੇ ਦੇਸ਼ ਦੀ ਆਬਾਦੀ ਵਿਚ ਵਾਧਾ ਨਹੀਂ ਹੁੰਦਾ ਜਾਂ ਬਹੁਤ ਹੌਲੀ ਹੁੰਦਾ ਹੈ ਤਾਂ ਪੈਨਸ਼ਨਾਂ ਕੌਣ ਭਰੇਗਾ? ਚਿੰਤਕਾਂ ਨੂੰ ਡਰ ਹੈ ਕਿ ਜੇ ਆਬਾਦੀ ਵਿਚ ਵਾਧਾ ਨਹੀਂ ਹੋਇਆ ਤਾਂ ਸਾਲ 2035 ਵਿਚ ਪੈਨਸ਼ਨਾਂ ਦੇਣੀਆਂ ਅਸੰਭਵ ਹੋ ਜਾਣਗੀਆਂ। ਇਸੇ ਕਰਕੇ ਵੱਧ ਤੋਂ ਵੱਧ ਬੱਚੇ ਪੈਦਾ ਕਰਨ ਦਾ ਲਾਲਚ ਦਿੱਤਾ ਜਾ ਰਿਹਾ ਹੈ, ਜਿਵੇਂ ਸਰਕਾਰ ਵਲੋਂ ਬੱਚਿਆਂ ਦੇ ਪਾਲਣ-ਪੋਸ਼ਣ ਲਈ ਮਾਲੀ ਮਦਦ ਦੇਣੀ, ਮਾਂ ਕੋਲੋਂ ਬੱਚੇ ਦੇ ਬਾਪ ਦਾ ਨਾਮ ਨਾ ਪੁੱਛਣਾਂ। ਹੋਰ ਵਿਕਸਿਤ ਦੇਸ਼ ਵਾਂਗ ਇੱਥੇ ਵੀ ਬੱਚਿਆਂ ਨੂੰ ਮਾਰਨਾ-ਕੁੱਟਣਾਂ ਕਾਨੂੰਨੀ ਜ਼ੁਲਮ ਹੈ। ਸਕੂਲਾਂ ਵਿਚ ਸਮੇਂ ਸਮੇਂ ਤੇ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਜਾਂਚ ਕੀਤੀ ਜਾਂਦੀ ਹੈ। ਮਾਂ-ਬਾਪ ਨੂੰ ਵੀ ਬੱਚੇ ਦੇ ਪਾਲਣ-ਪੋਸ਼ਣ ਲਈ ਸਰਕਾਰ ਵਲੋਂ ਵੀ ਮਾਲੀ ਮਦਦ ਦੇ ਨਾਲ ਨਾਲ ਸਖ਼ਤ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਹਨ। ਰਾਤਾਂ ਨੂੰ ਛੋਟੀ ਉਮਰ ਦੇ ਬੱਚਿਆਂ ਨੂੰ ਨਾਲ ਲੈ ਕੇ ਘੁੰਮਣਾਂ ਮਨ੍ਹਾਂ ਹੈ। ਹੋਰ ਜੋ ਸਭ ਕੁਝ ਬਾਕੀ ਵਿਕਸਿਤ ਦੇਸ਼ਾਂ ਵਿਚ ਹੁੰਦਾ ਹੈ, ਉਹ ਇੱਥੇ ਵੀ ਹੁੰਦਾ ਹੈ। ਇੱਥੇ ਵੀ ਜਵਾਨ ਮੁੰਡੇ-ਕੁੜੀਆਂ ਨੂੰ ਹੱਦੋਂ ਵੱਧ ਆਜ਼ਾਦੀ ਹੈ। ਸੜਕਾਂ ਤੇ ਨੰਗੇਜ਼ਵਾਦ ਅਤੇ ਮੁੰਡੇ-ਕੁੜੀਆਂ ਦੀਆਂ ਅਸ਼ਲੀਲ ਹਰਕਤਾਂ ਆਮ ਦੇਖਣ 'ਚ ਆਉਂਦੀਆਂ ਹਨ। ਕੁੜੀਆਂ 22 ਸਾਲਾਂ ਦੀਆਂ ਹੋ ਕੇ ਪਰਿਵਾਰ ਨਾਲੋਂ ਵੱਖ ਹੋ ਕੇ ਰਹਿਣ ਲੱਗ ਪੈਂਦੀਆਂ ਹਨ ਅਤੇ ਮੁੰਡੇ 24 ਸਾਲ ਦੇ। ਵਿਆਨਾ ਵਿਚ 44.5% ਲੋਕ ਇੱਕਲੇ ਰਹਿ ਰਹੇ ਹਨ। ਇੱਥੇ ਵੀ ਬੰਦੇ ਬੰਦਿਆਂ ਨਾਲ ਵਿਆਹ ਕਰਵਾਈ ਜਾ ਰਹੇ ਹਨ ਅਤੇ ਔਰਤਾਂ ਔਰਤਾਂ ਨਾਲ। ਅਣ-ਵਿਆਹੇ ਇੱਕਠਿਆਂ ਰਹਿਣ ਦਾ ਰੁਝਾਨ ਵੱਧ ਰਿਹਾ ਹੈ। ਆਸਟਰੀਆ ਵਿਚ ਸਾਲ 2001 ਪੈਦਾ ਹੋਏ ਹਰ ਤੀਜੇ ਬੱਚੇ ਦੇ ਮਾਂ-ਬਾਪ ਅਣ-ਵਿਆਹੇ ਹਨ।

ਆਬਾਦੀ: ਇਸ ਦੇਸ਼ ਦੀ ਜਨਸੰਖਿਆ ਸਾਲ 2001 ਦੇ ਸਰਕਾਰੀ ਅੰਕੜਿਆਂ ਅਨੁਸਾਰ 80,65,465 ਸੀ। ਹੈਰਾਨੀ ਦੀ ਗੱਲ ਹੈ ਕਿ ਇਸ ਦੇ ਸਾਰੇ ਹੀ ਰਾਜਾਂ ਵਿਚ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਇਕੱਲੇ ਵਿਆਨਾ ਸ਼ਹਿਰ ਵਿਚ ਮਰਦਾਂ ਨਾਲੋਂ 86,000 ਜ਼ਿਆਦਾ ਔਰਤਾਂ ਰਹਿ ਰਹੀਆਂ ਹਨ, ਕੁਝ ਲੋਕਾਂ ਲਈ ਸ਼ਾਇਦ ਇਹ ਸਵਰਗ ਦੀ ਕਲਪਨਾ ਹੋਵੇਗੀ। ਮਰਦਾਂ ਅਤੇ ਔਰਤਾਂ ਦਾ ਵੱਡੀ ਗਿਣਤੀ ਵਿਚ ਇਹ ਅੰਤਰ ਸੰਸਾਰ ਯੁੱਧਾਂ ਵਿਚ ਬਹੁਤੇ ਮਰਦਾਂ ਦਾ ਮਾਰੇ ਜਾਣਾ ਅਤੇ ਵਿਕਸਿਤ ਸਮਾਜ ਵਿਚ ਧੀ-ਪੁੱਤਰ ਨੂੰ ਇਕ ਬਰਾਬਰ ਸਮਝਣਾਂ ਹੈ। ਪਿਛਲੇ ਦਸ ਸਾਲਾਂ ਵਿਚ ਆਸਟਰੀਆ ਦੀ ਆਬਾਦੀ 3.5% ਵਧੀ ਹੈ। ਸਾਰੇ ਆਸਟਰੀਆ ਵਿਚ 9.3% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ, ਜੋ ਕਿ ਯੂਰਪੀਅਨ ਯੂਨੀਅਨ ਦੇਸ਼ਾਂ ਨਾਲੋਂ ਸਭ ਤੋਂ ਵੱਧ ਹੈ। ਪ੍ਰਵਾਸੀਆਂ ਵਿਚ ਜ਼ਿਆਦਾ ਯੂਗੋ, ਸਲਾਵੀਅਨ, ਟੁਰਕੀ ਅਤੇ ਪੋਲੈਂਡੀਅਨ ਹਨ।

ਅਖ਼ਬਾਰਾਂ ਵੇਚਣ ਦੇ ਕੰਮ ਲਈ ਵਿਸ਼ੇਸ਼ ਵੀਜ਼ੇ ਖੁਲ੍ਹਣ ਕਰਕੇ ਸਾਲ 1980 ਵਿਚ ਭਾਰਤੀਆ ਨੇ ਆਸਟਰੀਆ ਆਉਣਾਂ ਸ਼ੁਰੂ ਕੀਤਾ। ਆਸਟਰੀਆ ਵਿਚ ਸਾਲ 2001 ਵਿਚ 5127 ਭਾਰਤੀ ਨਾਗਰਿਕਤਾ ਵਾਲੇ ਦਰਜ ਸਨ। ਪਿਛਲੇ ਸਾਲ 91 ਭਾਰਤੀ ਬੱਚਿਆਂ ਨੇ ਆਸਟਰੀਆ ਵਿਚ ਜਨਮ ਲਿਆ। 678 ਭਾਰਤੀਆਂ ਨੇ ਸਾਲ 2001 ਵਿਚ ਆਸਟਰੀਅਨ ਪਾਸਪੋਰਟ ਲਏ, ਜਿਨ੍ਹਾਂ ਵਿਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਸਨ। ਸਰਕਾਰੀ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਸਟਰੀਆ ਦੇ ਸਾਰੇ ਰਾਜਾਂ ਵਿਚ ਆਪਣੇ ਭਾਰਤੀ ਹਨ, ਪਰ ਵੱਡੀ ਗਿਣਤੀ, ਸਾਲ 2001 ਵਿਚ 3756 ਭਾਰਤੀ ਨਾਗਰਿਕਤਾ ਵਾਲੇ, ਵਿਆਨਾ ਵਿਚ ਹੀ ਹੈ। ਜੇ ਸਾਰੇ ਆਸਟਰੀਆ ਵਿਚ ਸਾਲ 1979 ਤੋਂ ਲੈ ਕੇ ਸਾਲ 2001 ਤੱਕ ਭਾਰਤੀ ਪਾਸਪੋਰਟਾਂ ਨੂੰ ਦੇ ਕੇ ਆਸਟਰੀਅਨ ਪਾਸਪੋਰਟ ਲੈਣ ਵਾਲਿਆਂ ਦੀ ਗਿਣਤੀ ਦਾ ਕੁਲ ਜੋੜ ਲਾਈਏ ਤਾਂ ਇਹ 5670 ਬਣਦੀ ਹੈ। ਜ਼ਿਆਦਾਤਰ ਪੰਜਾਬ ਅਤੇ ਕੇਰਲਾ ਤੋਂ ਭਾਰਤੀ ਆਸਟਰੀਆ ਵਿਚ ਹਨ। ਦੇਖਣ ਵਿਚ ਆਇਆ ਹੈ ਕਿ ਇੱਥੇ ਹੋਰ ਦੇਸ਼ਾਂ ਦੇ ਨਾਗਰਿਕਾਂ ਨਾਲੋਂ ਭਾਰਤੀਆਂ ਨੂੰ ਵੀਜ਼ੇ ਅਤੇ ਆਸਟਰੀਅਨ ਪਾਸਪੋਰਟ ਸੌਖੇ ਅਤੇ ਛੇਤੀ ਮਿਲ ਜਾਂਦੇ ਹਨ। ਸ਼ਾਇਦ ਇਨ੍ਹਾਂ ਨੂੰ ਭਾਰਤੀਆਂ ਦੇ ਮਿਹਨਤੀ, ਅਮਨਪਸੰਦ ਅਤੇ ਖੁਲ੍ਹੇ ਸੁਭਾਅ ਵਾਰੇ ਪਤਾ ਹੈ। ਸਾਲ 2001 ਵਿਚ 429 ਭਾਰਤੀ ਆਸਟਰੀਆ ਛੱਡ ਕੇ ਚਲੇ ਗਏ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 1978 ਵਿਚ ਪਹਿਲੀ ਬਾਰ 8 ਭਾਰਤੀਆਂ ਨੇ ਆਸਟਰੀਅਨ ਸਿਆਸੀ-ਪਨਾਹ ਲਈ ਸੀ, ਪਰ ਸਾਲ 2000 ਵਿਚ ਇਹ ਵਧ ਕੇ 2441 ਹੋ ਗਈ। ਸਾਲ 2001 ਵਿਚ 1804 ਭਾਰਤੀ ਸਿਆਸੀ ਪਨਾਹਗੀਰ ਸਨ। ਸਭ ਤੋਂ ਵੱਧ ਇੱਥੇ ਅਫ਼ਗਾਨਿਸਤਾਨ ਅਤੇ ਇਰਾਨ ਤੋਂ ਲੋਕ ਸਿਆਸੀ ਪਨਾਹ ਲਈ ਆਉਂਦੇ ਹਨ।

ਵਿਆਨਾ: ਕਿਉਂਕਿ ਹਰ ਦੇਸ਼ ਦੀ ਰਾਜਧਾਨੀ ਉਸ ਦੇਸ਼ ਦਾ ਕੇਂਦਰੀ ਧੁਰਾ ਹੁੰਦਾ ਹੈ, ਇਸ ਕਰਕੇ 'ਵਿਆਨਾਂ' ਬਾਰੇ ਵਿਸਥਾਰਪੂਰਕ ਦੱਸਦੇ ਹਾਂ। ਵਿਆਨਾ ਵਿਚ ਰੋਜ਼ਗਾਰ ਦੇ ਸਾਧਨ ਜ਼ਿਆਦਾ ਹੋਣ ਕਰਕੇ ਇੱਥੇ ਸੰਸਾਰ ਦੇ ਸਾਰੇ ਦੇਸ਼ਾਂ ਦੇ ਲੋਕ ਰਹਿੰਦੇ ਹਨ। ਸਾਲ 2001 ਵਿਚ ਸਿਰਫ਼ 6.1% ਨਾਗਰਿਕ ਆਸਟਰੀਆ ਵਿਚ ਬੇਰੁਜ਼ਗਾਰ ਸਨ। ਭਾਵੇਂ ਵਿਆਨਾ ਆਸਟਰੀਆ ਦੇ ਬਾਕੀ ਰਾਜਾਂ ਨਾਲੋਂ ਸਭ ਤੋਂ ਛੋਟਾ ਹੈ, ਪਰ ਰਾਜਧਾਨੀ ਹੋਣ ਕਰਕੇ ਇਸ ਦੀ ਆਬਾਦੀ (15,62,482) ਬਾਕੀ ਰਾਜਾਂ ਨਾਲੋਂ ਜ਼ਿਆਦਾ ਹੈ, ਇਸੇ ਕਰਕੇ ਹੀ ਸਾਰੇ ਰਾਜਾਂ ਨਾਲੋਂ ਵੱਧ ਵਿਆਨਾ ਦੇ 17.7% ਲੋਕਾਂ ਕੋਲ ਆਸਟਰੀਅਨ ਨਾਗਰਿਕਤਾ ਨਹੀਂ ਹੈ।

ਵਿਆਨਾ ਵਿਚ ਜਗ੍ਹਾ ਥੋੜ੍ਹੀ ਅਤੇ ਆਬਾਦੀ ਜ਼ਿਆਦਾ ਹੋਣ ਕਰਕੇ ਜ਼ਿਆਦਾਤਰ ਲੋਕ ਫਲੈਟਾਂ (ਬਿਲਡਿੰਗਾਂ) ਵਿਚ ਰਹਿੰਦੇ ਹਨ, ਸਿਰਫ਼ 8.1% ਲੋਕ ਆਪਣੇ ਘਰਾਂ (ਹਾਊਸ) ਵਿਚ ਰਹਿੰਦੇ ਹਨ। ਵਿਆਨਾ ਦੇ ਫਲੈਟਾਂ ਦੀ ਕੀਮਤ ਲਗਪਗ ਇੰਗਲੈਂਡ ਦੇ ਘਰਾਂ ਜਿੰਨੀ ਹੈ। ਆਸਟਰੀਆ ਵਿਚ ਕੰਮ ਕਰਨ ਵਾਲਿਆਂ ਨੂੰ ਸਾਲ ਦੀਆਂ ਚੌਦਾਂ ਤਨਖ਼ਾਹਾਂ ਮਿਲਦੀਆਂ ਹਨ ਅਤੇ ਸਾਲ ਦੀਆਂ 15 ਸਰਕਾਰੀ ਛੁੱਟੀਆਂ ਹੁੰਦੀਆਂ ਹਨ। ਵਧੇਰੇ ਸਰਕਾਰੀ ਛੁੱਟੀਆਂ ਦੀ ਗਿਣਤੀ ਵਿਚ ਵੀ ਆਸਟਰੀਆ ਮੋਹਰੀ ਦੇਸ਼ਾਂ ਵਿਚ ਆਉਂਦਾ ਹੈ। ਇਸ ਤੋਂ ਇਲਾਵਾ ਕਾਮਾਂ ਤਨਖ਼ਾਹ ਤੇ ਸਾਲ ਵਿਚ ਪੰਜ ਹਫ਼ਤੇ ਦੀਆਂ ਛੁੱਟੀਆਂ ਲੈ ਸਕਦਾ ਹੈ। ਵਿਆਨਾ ਦੀ ਸਫ਼ਾਈ ਦੀ ਗੱਲ ਕਰੀਏ ਤਾਂ ਇੱਥੇ ਹਰ ਤਰ੍ਹਾਂ ਦੇ ਕੂੜੇ ਲਈ ਵੱਖਰਾ ਕੂੜੇਦਾਨ ਹੈ। ਜ਼ਿਆਦਾਤਰ ਬਹੁ-ਮੰਜ਼ਿਲੀ ਇਮਾਰਤਾਂ ਵਿਚ ਦੋ ਤਰ੍ਹਾਂ ਦੇ ਕੂੜੇਦਾਨ ਹੁੰਦੇ ਹਨ।

ਇਕ ਵਿਚ ਕਾਗਜ਼ ਅਤੇ ਦੂਸਰੇ ਵਿਚ ਸਭ ਕੁਝ ਸੁੱਟ ਸਕਦੇ ਹੋ। ਬਿਲਡਿੰਗਾਂ ਤੋਂ ਕੁਝ ਦੂਰੀ ਤੇ ਛੇ ਤਰ੍ਹਾਂ ਦੇ ਕੂੜੇਦਾਨ ਰੱਖੇ ਹੁੰਦੇ ਹਨ, ਜਿਨ੍ਹਾਂ ਵਿਚ ਪਲਾਸਟਿਕ, ਫੁੱਲ-ਬੂਟੇ, ਰੰਗੀਨ ਕੱਚ, ਚਿੱਟਾ ਕੱਚ, ਲੋਹਾ ਅਤੇ ਕੱਪੜੇ ਸੁੱਟੇ ਜਾਂਦੇ ਹਨ।

ਕਥਾ ਪ੍ਰਵਾਹ

ਤਿੰਨ ਬਹਾਦਰ ਯੋਧੇ

–ਬਲਦੇਵ ਸਿੰਘ ਸਿੱਧੂ

ਜੇ ਅਸੀਂ ਵਿਸ਼ਵ ਦੇ ਇਤਿਹਾਸ ਦੇ ਪੰਨੇ ਵੇਖੀਏ-ਪੜ੍ਹੀਏ ਤਾਂ ਹਰੇਕ ਦੇਸ਼ ਅਤੇ ਕੌਮ ਦਾ ਇਤਿਹਾਸ ਵੀਰਾਂ-ਬਹਾਦਰਾਂ ਦੀਆਂ ਕਹਾਣੀਆਂ ਨਾਲ ਭਰਿਆ ਹੋਇਆ ਹੈ। ਹਰ ਕਾਲ ਤੇ ਯੁੱਗ ਵਿੱਚ ਅਜਿਹੇ ਸੂਰਮੇ ਹੋਏ ਹਨ ਜਿਨ੍ਹਾਂ ਨੇ ਆਪਣੇ ਸਾਹਸ ਭਰੇ ਕਾਰਨਾਮਿਆਂ ਨਾਲ ਲੋਕਾਂ 'ਚ ਉਤਸ਼ਾਹ ਪੈਦਾ ਕਰ ਕੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ। ਇਹ ਕਹਾਣੀ

ਇੱਛਾ ਨੂੰ ਆਦਮੀ ਦੀ ਆਬਰੂ ਦਾ ਰੁਤਬਾ ਹਾਸਲ ਹੁੰਦਾ ਹੈ। ਉਸ ਦੇ ਵਿਧਾਨ ਨਾਲ ਜ਼ਿੰਦਗੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ।

ਮਨੁੱਖੀ ਇਛਾਵਾਂ ਤੇ ਹਕੀਕਤ

ਗਿਆਨ ਨੂੰ ਹਾਸਲ ਕਰਨ ਲਈ ਇਕਾਗਰ ਹੋਣਾ ਪੈਂਦਾ ਹੈ। ਅੱਜ ਕੱਲ੍ਹ ਬਹੁਤ ਸਾਰੀਆਂ ਸ਼ਰਾਰਤੀ ਵਿਉਂਤਬੰਦੀਆਂ ਵਿਚਲੇ ਸੁਆਰਥੀ ਸਿਲਸਿਲੇ ਮਨੁੱਖੀ ਮਨ ਨੂੰ ਚੰਚਲਤਾ ਅਤੇ ਚਲਾਕੀਆਂ ਵੱਲ ਲੈ ਕੇ ਜਾ ਰਹੇ ਹਨ। ਸੂਝਵਾਨ ਬਣ ਕੇ ਜਿਊਣ ਵਾਲੀ ਤਮੰਨਾ ਆਦਮੀ ਨੂੰ ਤੰਦਰੁਸਤ ਬਣਾਈ ਰੱਖਦੀ ਹੈ।

ਇੱਛਾ ਨੂੰ ਆਦਮੀ ਦੀ ਆਬਰੂ ਦਾ ਰੁਤਬਾ ਹਾਸਲ ਹੁੰਦਾ ਹੈ। ਇੱਛਾਵਾਂ, ਰੁਚੀਆਂ, ਸੱਧਰਾਂ, ਸੋਚ, ਸਮਝ, ਸਰੋਕਾਰ, ਸਬੰਧ, ਵਿਸ਼ਵਾਸ਼, ਵਿਧੀ ਅਤੇ ਵਿਧਾਨ ਦੁਆਰਾ ਜ਼ਿੰਦਗੀ ਨੂੰ ਸਹਿਜੇ ਹੀ ਸਮਝਿਆ ਜਾ ਸਕਦਾ ਹੈ। ਇੱਥੇ ਆ ਕੇ ਸਾਡੇ ਸਾਹਮਣੇ ਇਕਦਮ ਇਕ ਨੁਕਤਾ ਉਜਾਗਰ ਹੋਣ ਲੱਗ ਪੈਂਦਾ ਹੈ ਕਿ ਆਪਣੇ ਇਸ ਮੁਲਕ ਨੂੰ ਕੁਦਰਤ ਵੱਲੋਂ ਦਿੱਤੀਆਂ ਸੈਂਕੜੇ ਕਿਸਮ ਦੀਆਂ ਨਿਆਮਤਾਂ ਦੇ ਹੁੰਦਿਆਂ ਕਰੋੜਾਂ ਭਾਰਤ ਨਿਵਾਸੀ ਗ਼ਰੀਬ ਕਿਉਂ ਹਨ? ਨਰਕ ਵਰਗੇ ਹਾਲਾਤ ਆਖਦੇ ਰਹਿੰਦੇ ਹਨ ਕਿ ਅਸੀਂ ਅਜੇ ਆਪਣੇ ਹੱਕ ਪ੍ਰਾਪਤ ਕਰਨ ਦੇ ਵਿਧਾਨਿਕ ਤੱਤ ਤੋਂ ਦੂਰ ਖੜ੍ਹੇ ਹਾਂ। ਹੱਕ ਪ੍ਰਾਪਤ ਕਰਨ ਵਾਲੇ ਤਰੀਕੇ ਨੂੰ ਹੁਨਰ ਕਿਹਾ ਜਾ ਸਕਦਾ ਹੈ। ਹੱਕ ਪ੍ਰਾਪਤ ਕਰਨ ਵਾਲੀ ਇੱਛਾ ਨੂੰ ਹਕੀਕਤ ਕਿਹਾ ਜਾ ਸਕਦਾ ਹੈ। ਹੱਕ ਪ੍ਰਾਪਤ ਕਰਨ ਵਾਲੀ ਵਿੱਦਿਆ ਨੂੰ ਵਿਵੇਕ ਕਿਹਾ ਜਾਂਦਾ ਹੈ।

ਓਮ ਪ੍ਰਕਾਸ਼ ਗਾਸੋ
94635-61123

ਰੌਲੇ ਅਤੇ ਭੀੜ ਵਾਲੇ ਫਾਲਤੂ ਕਿਸਮ ਦੇ ਪਾਠ ਅਤੇ ਪ੍ਰਕਰਣ ਸਿਆਸੀ ਸ਼ੋਸ਼ੇਬਾਜ਼ੀ ਕਾਰਨ ਸਮਾਜਿਕ ਅਤੇ ਸੱਭਿਆਚਾਰਕ, ਆਰਥਿਕ ਅਤੇ ਸੰਸਕ੍ਰਿਤਿਕ ਬੋਝ ਪੈਦਾ ਕਰਦੇ ਰਹਿੰਦੇ ਹਨ। ਸੁਚੇਤ ਬਣ ਕੇ ਗਤੀਸ਼ੀਲ ਹੋਣ ਵਾਲਾ ਸਮਾਜ ਕਦੇ ਵੀ ਸੰਵੇਦਨਸ਼ੀਲ ਭਾਵਨਾ ਨੂੰ ਤਿਲਾਂਜਲੀ ਨਹੀਂ ਦਿੰਦਾ। ਅੱਜ ਕੱਲ੍ਹ ਆਪਣੇ ਇਸ ਸਮੇਂ ਵਿਚ ਅਸੀਂ ਸਮੱਸਿਆਵਾਂ ਦੇ ਮੂਲ ਨੂੰ ਸਮਝਣ 'ਚ ਕੁਤਾਹੀ ਭਾਵ ਅਣਗਹਿਲੀ ਕਰ ਰਹੇ ਹਾਂ।

ਇਸ ਦਾ ਮਤਲਬ ਇਹ ਬਣਦਾ ਹੈ ਕਿ ਜਿਉਂ-ਜਿਉਂ ਕੋਈ ਸੰਘਰਸ਼ਸ਼ੀਲ ਸਿਲਸਿਲਾ, ਪਛਾਣ, ਪਰਖ ਅਤੇ ਪੜਤਾਲ ਤੋਂ ਦੂਰ ਹੁੰਦਾ ਜਾਵੇਗਾ ਤਿਉਂ-ਤਿਉਂ ਉਲਝਣਾਂ ਵਧਦੀਆਂ ਜਾਣਗੀਆਂ। ਸੁਲਝਾ ਨੂੰ ਸਮਾਧਾਨ ਭਾਵ ਇਲਾਜ ਆਖਿਆ ਜਾ ਸਕਦਾ ਹੈ। ਤੰਦਰੁਸਤ ਇੱਛਾ ਦੁਆਰਾ ਹੀ ਸਹੀ ਇਲਾਜ ਦੀ ਪ੍ਰਾਪਤੀ ਹੋ ਸਕਦੀ ਹੈ।

ਅਣਹੋਣੀਆਂ ਦੀ ਜਾਣਕਾਰੀ ਵਾਸਤੇ ਸਾਡੇ ਆਪਣੇ ਸਮੇਂ ਅਤੇ ਸਮਾਜ ਨੂੰ ਸਾਰਥਿਕਤਾ, ਜਿਗਿਆਸਾ, ਵਿਸ਼ਵਾਸ, ਸੰਕਲਪ, ਸਿਧਾਂਤ ਅਤੇ ਹੁਨਰ ਪ੍ਰਤੀ ਸੁਚੇਤ ਹੋਣਾ ਪਵੇਗਾ। •

ਡਿਜ਼ਾਈਨ: ਰਜੂਲ ਹੰਸ

ਧੀਆਂ ਦੂਰ ਨਾ ਦਈਏ

ਸੁਖਦੇਵ ਮਾਦਪੁਰੀ
94630-34472

ਧੀ ਦੀ ਡੋਲੀ ਤੋਰਨ ਦਾ ਦ੍ਰਿਸ਼ ਅਤਿ ਕਰੁਣਾਮਈ ਹੁੰਦਾ ਹੈ। ਉਸ ਦੀਆਂ ਸਹੇਲੀਆਂ ਦਰਦੀਲੇ ਗੀਤ ਗਾ ਕੇ ਸਾਰੇ ਮਾਹੌਲ ਨੂੰ ਸੋਗੀ ਬਣਾ ਦਿੰਦੀਆਂ ਹਨ...

ਪੰਜਾਬੀ ਸਮਾਜ ਮੁੱਖ ਤੌਰ 'ਤੇ ਕਿਸਾਨੀ ਅਧਾਰਤ ਹੈ। ਇਸ ਵਿਚ ਮੁੰਡੇ ਦੇ ਜਨਮ ਅਤੇ ਵਿਆਹ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਇਹ ਦੋਨੋਂ ਮੌਕੇ ਸਮੁੱਚੇ ਪੇਂਡੂ ਭਾਈਚਾਰੇ ਲਈ ਖ਼ੁਸ਼ੀਆਂ ਮਾਣਨ ਅਤੇ ਮਨਾਉਣ ਦੇ ਅਵਸਰ ਪ੍ਰਦਾਨ ਕਰਦੇ ਰਹੇ ਹਨ। ਇਸ ਲਈ ਸਮੂਹ ਪੰਜਾਬੀ ਵਿਆਹ ਨੂੰ ਬੜੀ ਤਬੀਰਤਾ ਨਾਲ ਉਡੀਕਦੇ ਹਨ। ਸੁਹਾਗ ਅਤੇ ਘੋੜੀਆਂ ਵਿਆਹ ਦੇ ਪ੍ਰਮੁੱਖ ਲੋਕ-ਗੀਤ ਹਨ। ਧੀ ਵਾਲੇ ਘਰ ਸੁਹਾਗ ਗਾਏ ਜਾਂਦੇ ਹਨ ਅਤੇ ਮੁੰਡੇ ਵਾਲੇ ਘਰ ਘੋੜੀਆਂ ਗਾਉਣ ਦੀ ਪਰੰਪਰਾ ਹੈ।

ਔਰਤ ਮਨ ਦੇ ਮਨੋਭਾਵਾਂ ਦੀ ਤਰਜਮਾਨੀ

ਸੁਹਾਗ ਔਰਤਾਂ ਮਨ ਦੇ ਮਨੋਭਾਵਾਂ ਦੀ ਤਰਜਮਾਨੀ ਕਰਨ ਵਾਲੇ ਗੀਤ ਹਨ। ਮਰਦ ਦੀ ਸਰਦਾਰੀ ਕਾਰਨ ਔਰਤ ਸਦੀਆਂ ਤੋਂ ਦਬੀ ਰਹੀ ਹੈ। ਵਿਆਹ ਦੇ ਮੌਕੇ 'ਤੇ ਗਾਏ ਜਾਂਦੇ ਸੁਹਾਗ ਗੀਤ ਉਸ ਨੂੰ ਆਪਣੇ ਦਿਲ ਦੀ ਦਾਸਤਾਨ ਬਿਆਨ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਸਿਰਜਣਾ ਔਰਤ ਨੇ ਆਪ ਕੀਤੀ ਹੈ। ਇਹ ਸੰਬੋਧਨੀ ਗੀਤ ਹਨ ਜਿਨ੍ਹਾਂ ਵਿਚ ਧੀ ਆਪਣੇ ਮਨ ਦੀ ਗੱਲ ਕਹਿਣ ਲਈ ਆਪਣੀ ਮਾਂ ਜਾਂ ਦਾਦੀ ਨੂੰ ਸੰਬੋਧਿਤ ਹੁੰਦੀ ਹੈ ਅਤੇ ਆਪਣੇ ਵਰ, ਸਹੁਰਾ ਪਰਿਵਾਰ, ਦਾਜ-ਦਹੇਜ ਅਤੇ ਹੋਰ ਲਾਭ-ਯੁਕਤ ਕਾਰਜਾਂ ਲਈ ਆਪਣੇ ਦਾਦੇ, ਬਾਬਲ, ਭਰਾ ਅਤੇ ਮਾਮੇ ਨੂੰ ਮੁਖ਼ਾਤਿਬ ਹੋ ਕੇ ਆਪਣੀਆਂ ਭਾਵਨਾਵਾਂ ਅਤੇ ਇਛਾਵਾਂ ਦਾ ਇਜ਼ਹਾਰ ਕਰਦੀ ਹੈ।

ਧੀਆਂ ਦੇ ਅਰਮਾਨ

ਧੀਆਂ ਦੇ ਵੀ ਆਪਣੇ ਅਰਮਾਨ ਹਨ, ਭਾਵਨਾਵਾਂ ਹਨ ਭਾਵੇਂ ਉਹ ਖੁੱਲ੍ਹ ਕੇ ਆਪਣੇ ਦਿਲ ਦੀ ਗੱਲ ਨਹੀਂ ਸੀ ਕਰ ਸਕਦੀਆਂ ਪਰੰਤੂ ਉਹ ਆਪਣੇ ਵਰ ਅਤੇ ਸਹੁਰੇ ਪਰਿਵਾਰ ਦੀ ਚੋਣ ਸਬੰਧੀ ਚਾਹਤ ਦਾ ਪ੍ਰਗਟਾਵਾ ਸੁਹਾਗ ਗੀਤਾਂ ਦੇ ਮਾਧਿਅਮ ਰਾਹੀਂ ਕਰ ਲੈਂਦੀਆਂ ਸਨ :

ਵਰ ਜੋ ਟੋਲਣ ਚੱਲਿਆ ਪਿਓ ਮੇਰਿਆ
ਪੱਲੇ ਬੰਨ੍ਹ ਲੈ ਬਾਬਲਾ ਦੀਮ ਵੇ
ਚੋਪੜ ਖੇਲਦੇ ਦੋ ਜਾਣੇ
ਪਿਓ ਮੇਰਿਆ ਰਾਜੇ ਬੰਸੀਆ ਵੇ
ਇੱਕੋ ਸਹੇੜੇ ਛੈਲ ਵੇ
ਇਕ ਦੇ ਹੱਥ ਬੰਸਰੀ
ਦੂਜੇ ਹੱਥ ਮੋਰ ਵੇ
ਵੱਜਣ ਲੱਗੀ ਬੰਸਰੀ
ਕੂਕਣ ਲੱਗੇ ਮੋਰ ਵੇ
ਗੋਰਾ-ਗੋਰਾ ਮੈਂ ਵਰਾਂ
ਕਾਲੇ ਸਹੇੜੇ ਕੋਈ ਹੋਰ ਵੇ...

ਗੋਰੇ ਤੇ ਛੈਲ ਛਬੀਲੇ ਵਰ ਦੀ ਚਾਹਤ

ਗੋਰੇ ਤੇ ਛੈਲ ਛਬੀਲੇ ਵਰ ਦੀ ਚਾਹਤ ਉਪਰੰਤ ਹਰ ਮੁਟਿਆਰ ਚਾਹੁੰਦੀ ਹੈ ਕਿ ਉਸ ਦਾ ਸਹੁਰਾ ਪਰਿਵਾਰ ਪਰੀ- ਪੂਰਨ ਅਤੇ ਰੱਜਿਆ ਪੁੱਜਿਆ ਹੋਵੇ। ਉਹ ਇਹ ਵੀ ਲੋਚਦੀ ਹੈ ਕਿ ਉਸ ਦਾ ਸਹੁਰਾ ਪਿੰਡ ਉਸ ਦੇ ਪੇਕੇ ਪਿੰਡ ਤੋਂ ਬਹੁਤਾ ਦੂਰ ਨਾ ਹੋਵੇ। ਉਨ੍ਹਾਂ ਵੇਲਿਆਂ ਵਿਚ ਆਵਾਜਾਈ ਦੇ ਸਾਧਨ ਸੀਮਤ ਸਨ। ਦੁਸ਼ਵਾਰ ਰਾਹਾਂ ਕਾਰਨ ਸਹੁਰੀ ਬੈਠੀ ਧੀ ਨੂੰ ਵਰ੍ਹਿਆਂ ਬੱਧੀ ਕੋਈ ਮਿਲਣ ਨਹੀਂ ਸੀ ਜਾਂਦਾ। ਵਿਚਾਰੀ ਝੂਰਦੀ ਰਹਿੰਦੀ ਇਸੇ ਲਈ ਉਹ ਆਪਣੇ ਬਾਬਲ ਨੂੰ ਬਹੁਤੀ ਦੂਰ ਰਿਸ਼ਤਾ ਕਰਨ ਤੋਂ ਹੋੜਦੀ ਹੈ :

ਮੈਂ ਤੈਨੂੰ ਵਰਜਦੀ ਬਾਬਲਾ ਵੇ
ਧੀਆਂ ਦੂਰ ਨਾ ਦਈਏ
ਦੂਰਾਂ ਦੀਆਂ ਵਾਟਾਂ ਲੰਮੀਆਂ
ਵੇ ਸਾਥੋਂ ਤੁਰਿਆ ਨਾ ਜਾਵੇ
ਤੁਰਦੀ ਆਂ ਛਮ-ਛਮ ਰੋਂਨੀ ਆਂ
ਵੇ ਨੈਣੀਂ ਨੀਂਦ ਨਾ ਆਵੇ...

ਪਿਤਾ ਦੀ ਚੋਣ 'ਤੇ ਵਾਰੇ-ਵਾਰੇ ਜਾਣਾ

ਜਦੋਂ ਉਸ ਨੂੰ ਆਪਣੇ ਮਨ ਪਸੰਦ ਦਾ ਵਰ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਰਹਿੰਦਾ। ਉਹ ਆਪਣੇ ਪਿਤਾ ਦੀ ਚੋਣ 'ਤੇ ਵਾਰੇ-ਵਾਰੇ ਜਾਂਦੀ ਹੈ। ਧੀ ਦੇ ਵਿਆਹ ਦੇ ਕਾਰਜ ਨੂੰ ਪਵਿੱਤਰ ਤੇ ਪੁੰਨ ਵਾਲਾ ਕਾਰਜ ਸਮਝਿਆ ਜਾਂਦਾ ਸੀ। ਓਦੋਂ ਆਨੰਦ ਕਾਰਜ ਦੀ ਰਸਮ ਸ਼ੁਰੂ ਨਹੀਂ ਸੀ ਹੋਈ ਪੰਡਤ-ਪਾਧੇ ਬੇਦੀ ਦੇ ਦੁਆਲੇ ਲਾੜਾ, ਲਾੜੀ ਦੀਆਂ ਭੁਆਂਟਣੀਆਂ ਦੇ ਕੇ ਇਹ ਰਸਮ ਅਦਾ ਕਰਦੇ ਸਨ। ਇਸ ਰਸਮ ਨੂੰ ਸਾਹਾ ਸਧਾਉਣ ਦੀ ਰਸਮ ਕਹਿੰਦੇ ਸਨ। ਇਸ ਬਦਲੇ ਪੰਡਤ ਪਾਂਧੇ ਨੂੰ ਗਾਊਆਂ ਦਾਨ ਵਜੋਂ ਦੇਣ ਦਾ ਰਿਵਾਜ ਸੀ ਤੇ ਧੀਆਂ ਦੇ ਦਾਨ ਜਵਾਈ ਲੈਂਦੇ ਸਨ :

ਬੇਦੀ ਦੇ ਅੰਦਰ ਮੇਰਾ ਬਾਬਾ ਬੁਲਾਵੇ
ਸੱਦਿਆਂ ਬਾਝ ਕਿਉਂ ਨੀਂ ਆਉਂਦਾ
ਵੇ ਰੰਗ ਰਤੜਿਆ ਕਾਨ੍ਹਾਂ
ਗਊਆਂ ਦੇ ਦਾਨ ਪਾਧੇਂ ਪੰਡਤ ਲੈਂਦੇ
ਧੀਆਂ ਦੇ ਦਾਨ ਜਮਾਈ
ਵੇ ਰੰਗ ਰਤੜਿਆ ਕਾਨ੍ਹਾਂ
ਦਿੱਤੜੇ ਦਾਨ ਕਿਉਂ ਨੀਂ ਲੈਂਦਾ
ਵੇ ਰੰਗ ਰਤੜਿਆ ਕਾਨ੍ਹਾਂ...

ਧੀ ਦਾ ਰੁਦਨ

ਧੀ ਦੇ ਮਾਪੇ ਚਾਹੇ ਕਿੰਨੇ ਵੀ ਬਖ਼ਤਾਵਰ ਹੋਣ ਪਰੰਤੂ ਉਨ੍ਹਾਂ ਦੀ ਸਥਿਤੀ ਧੀ ਦੇ ਸਹੁਰਿਆਂ ਨਾਲੋਂ ਦੁਜੈਲੀ ਹੁੰਦੀ ਹੈ। ਧੀ ਦਾ ਬਾਬਾ ਤੇ ਬਾਬਲ ਗਲ਼ ਵਿਚ ਪੱਲਾ ਪਾ ਕੇ ਉਸ ਦਾ ਸਾਹਾ ਸਧਾਉਂਦੇ ਹਨ। ਧੀ ਦੀ ਡੋਲੀ ਤੋਰਨ ਦਾ ਦ੍ਰਿਸ਼ ਅਤਿ ਕਰੁਣਾਮਈ ਹੁੰਦਾ ਹੈ। ਉਸ ਦੀਆਂ ਸਹੇਲੀਆਂ ਦਰਦੀਲੇ ਗੀਤ ਗਾ ਕੇ ਸਾਰੇ ਮਾਹੌਲ ਨੂੰ ਸੋਗੀ ਬਣਾ ਦਿੰਦੀਆਂ ਹਨ। ਵਿਦਾ ਹੋ ਰਹੀ ਧੀ ਦਾ ਰੁਦਨ ਝੱਲਿਆ ਨੀਂ ਜਾਂਦਾ। •



ਬੱਚੇ ਨੂੰ ਚੰਗੇ ਮਾੜੇ ਦੀ ਪਛਾਣ ਕਰਵਾਓ

ਬਚਪਨ ਇਕ ਅਜਿਹੀ ਅਵਸਥਾ ਹੈ ਜਿਸ ਸਮੇਂ ਬੱਚੇ ਨੂੰ ਚੰਗੇ ਮਾੜੇ ਦੀ ਪਛਾਣ ਨਹੀਂ ਹੁੰਦੀ। ਇਸ ਉਮਰੇ ਪਈਆਂ ਆਦਤਾਂ ਸਮਾਂ ਪਾ ਕੇ ਪੱਕ ਜਾਂਦੀਆਂ ਹਨ। ਇਸ ਕਰਕੇ ਮਾਂ ਬਾਪ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਮਾੜੀਆਂ ਆਦਤਾਂ ਬਚਪਨ ਵਿਚ ਹੀ ਨਾ ਪੈਣ ਦਿੱਤੀਆਂ ਜਾਣ। ਇਸ ਉਮਰੇ ਚੰਗੀਆਂ ਆਦਤਾਂ ਪਾਉਣੀਆਂ ਵੱਡੀ ਉਮਰ ਦੇ ਮੁਕਾਬਲੇ ਸੌਖੀਆਂ ਹੁੰਦੀਆਂ ਹਨ। ਸਾਫ਼-ਸੁਥਰੇ ਬੱਚੇ ਨੂੰ ਵੇਖ ਕੇ ਹਰ ਇਕ ਦਾ ਮਨ ਖ਼ੁਸ਼ ਹੁੰਦਾ ਹੈ। ਇਸ ਕਰਕੇ ਬੱਚੇ ਨੂੰ ਸਕੂਲ ਜਾਣ ਸਮੇਂ ਤੋਂ ਹੀ ਨਹਾਉਣ ਤੇ ਸਾਫ਼-ਸੁਥਰੇ ਕੱਪੜੇ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ, ਹੋ ਸਕੇ ਤਾਂ ਸਕੂਲ ਜਾਣ ਤੇ ਆਉਣ ਸਮੇਂ ਬੱਚੇ ਨੂੰ ਖੁਦ ਕੱਪੜੇ ਪਾਉਣ ਤੇ ਉਤਾਰਨ ਲਈ ਸਿਖਾਉਣਾ ਚਾਹੀਦਾ ਹੈ। ਸਕੂਲ ਤੋਂ ਜੋ ਵੀ ਕੰਮ ਮਿਲੇ, ਬੱਚੇ ਨੂੰ ਹਰ ਰੋਜ਼ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ।

ਬੱਚਾ ਅਕਸਰ ਦੇਖ ਜਾਂ ਸੁਣ ਕੇ ਸਿੱਖਦਾ ਹੈ। ਇਸ ਕਰਕੇ ਬੱਚੇ ਦੇ ਸਾਹਮਣੇ ਸਹੀ ਵਤੀਰਾ ਰੱਖਣਾ ਚਾਹੀਦਾ ਹੈ ਤੇ ਭੱਦੀ ਸ਼ਬਦਾਵਲੀ ਤੋਂ ਬਚਣਾ ਚਾਹੀਦਾ ਹੈ। ਬੱਚੇ ਨੂੰ ਬਚਪਨ ਤੋਂ ਹੀ ਘਰ ਆਏ ਮਹਿਮਾਨ ਨੂੰ ਸਤਿ ਸ੍ਰੀ ਅਕਾਲ ਬੁਲਾਉਣ ਤੇ ਉਨ੍ਹਾਂ ਦੇ ਲਾਗੇ ਆ ਕੇ ਬੈਠਣ ਲਈ ਸਿਖਾਉਣਾ ਚਾਹੀਦਾ ਹੈ। ਬੱਚੇ ਨੂੰ ਬਚਪਨ ਤੋਂ ਹੀ ਫਜ਼ੂਲ ਖਰਚੀ ਤੋਂ ਪ੍ਰਹੇਜ਼ ਤੇ ਜੇਬ ਖਰਚ ਲਈ ਮਿਲਦੇ ਪੈਸਿਆਂ ਵਿੱਚੋਂ ਕੁਝ ਪੈਸੇ ਜਮ੍ਹਾਂ ਕਰਨ ਲਈ ਦੱਸਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਪੜ੍ਹਾਈ ਲਈ ਜ਼ਰੂਰੀ ਵਸਤਾਂ ਖਰੀਦ ਸਕੇ। ਨਹਾਉਣ ਸਮੇਂ ਜਾਂ ਹੱਥ ਧੋਂਦੇ ਸਮੇਂ ਘੱਟ ਪਾਣੀ ਵਰਤਣ, ਕਮਰੇ ਤੋਂ ਬਾਹਰ ਨਿਕਲਣ ਸਮੇਂ ਵਾਧੂ ਬਲਬ, ਪੱਖੇ ਬੰਦ ਕਰਨ, , ਘੱਟ ਟੀਵੀ ਦੇਖਣ ਦੀਆਂ ਆਦਤਾਂ ਬੱਚੇ ਵਿਚ ਬਚਪਨ ਤੋਂ ਹੀ ਪਾਉਣੀਆਂ ਚਾਹੀਦੀਆਂ ਹਨ।

ਬੱਚਿਆਂ ਨੂੰ ਬਚਪਨ ਤੋਂ ਹੀ ਬਰਗਰ, ਨੂਡਲਜ਼, ਪੀਜ਼ਾ ਖਾਣ ਤੋਂ ਰੋਕਣਾ ਚਾਹੀਦਾ ਹੈ ਤੇ ਭੋਜਨ ਸਬੰਧੀ ਚੰਗੀਆਂ ਆਦਤਾਂ ਪਾਉਣੀਆਂ ਚਾਹੀਦੀਆਂ ਹਨ ਤੇ ਖਾਣਾ ਜਿੰਨ੍ਹਾਂ ਖਾਣਾ ਹੈ ਉਨ੍ਹਾਂ ਹੀ ਪਾਉਣ ਲਈ ਸਿਖਾਉਣਾ ਚਾਹੀਦਾ ਹੈ।

• ਸ਼ਮਸ਼ੇਰ ਸਿੰਘ ਸੋਹੀ

ਮੁਸਕਰਾਹਟਾਂ ਵੰਡਦੇ ਚਿਹਰੇ

ਮੁਸਕਰਾਉਂਦਾ ਚਿਹਰਾ, ਹਰੇ ਸੇਬਾਂ ਵਿਚ ਲਾਲ ਸੇਬ ਵਾਂਗ ਲਗਦਾ ਹੈ। ਦੁੱਧ ਉੱਤੇ ਆਈ ਮਲਾਈ, ਦੁੱਧ ਦੀ ਮੁਸਕਰਾਹਟ ਹੁੰਦੀ ਹੈ। ਧੋਤੇ ਹੋਏ ਕੱਪੜੇ ਅਤੇ ਮਾਂਜੇ ਹੋਏ ਭਾਂਡੇ ਵੀ ਮੁਸਕਰਾਉਂਦੇ ਹਨ। ਅਧਿਆਪਕਾਂ ਦੀਆਂ ਸਮਝਾਈਆਂ ਗੁੱਝੀਆਂ ਗੱਲਾਂ, ਵਿਦਿਆਰਥੀਆਂ ਦੇ ਚਿਹਰਿਆਂ 'ਤੇ ਮੁਸਕਰਾਹਟਾਂ ਉਪਜਾਉਂਦੀਆਂ ਹਨ। ਨਵੇਂ ਜਮਾਤੀ ਮੁਸਕਰਾਉਂਦੇ-ਮੁਸਕਰਾਉਂਦੇ ਇਕ ਦੂਜੇ ਦੇ ਨੇੜੇ ਆ ਜਾਂਦੇ ਹਨ। ਜਮਾਤੀ ਹੋਣ ਦੇ ਅਧਿਕਾਰ ਨਾਲ ਨਵੇਂ ਦਾਖ਼ਲ ਹੋਏ ਲੜਕੇ ਨੇ ਆਪਣੀ ਜਮਾਤਣ ਲੜਕੀ ਨੂੰ ਪੁੱਛਿਆ, ਕਿੰਨੇ ਦਿਨ ਹੋ ਗਏ ਹਨ, ਤੂੰ ਕਾਲਜ ਨਹੀਂ ਆਈ? ਲੜਕੀ ਨੇ ਘਬਰਾ ਕੇ ਸ਼ਰਮਾਉਂਦਿਆਂ, ਮੁਸਕਰਾ ਕੇ ਕਿਹਾ, 'ਤੂੰ ਕਦੋਂ ਤੋਂ ਦਿਨ ਗਿਣਨੇ ਸ਼ੁਰੂ ਕਰ ਦਿੱਤੇ ਹਨ। ਚੋਰ ਜਿੰਦਰਿਆਂ ਨੂੰ ਵੇਖ ਕੇ ਮੁਸਕਰਾਉਂਦੇ ਹਨ। ਹਰ ਕਿਸੇ ਦੀ ਜ਼ਿੰਦਗੀ ਵਿਚ ਕੋਈ ਨਾ ਕੋਈ ਆਉਂਦਾ ਹੈ, ਜਿਸ ਦੀਆਂ ਮੁਸਕਰਾਹਟਾਂ ਚੇਤਿਆਂ ਵਿਚ ਵੱਸ ਜਾਂਦੀਆਂ ਹਨ।

ਤੁਹਾਡੀ ਜ਼ਿੰਦਗੀ ਵਿਚ ਵੀ ਕੋਈ ਆਇਆ ਹੋਵੇਗਾ! ਮੇਰੇ ਜੀਵਨ ਵਿਚ ਵੀ ਇਕ ਆਈ ਸੀ। ਜਿਸ ਤੋਂ ਪਤਾ ਲੱਗਿਆ ਸੀ ਕਿ ਸੁੰਦਰਤਾ ਉਹ ਹੈ, ਜਿਸ ਨੂੰ ਅਸੀਂ ਵੇਖਦੇ ਹਾਂ, ਸੋਹਣਾ ਉਹ ਹੈ ਜਿਹੜਾ ਸਾਨੂੰ ਵੇਖਦਾ ਹੈ। ਉਹ ਮੇਰੀ ਜਮਾਤਣ ਸੀ। ਹੋਰਾਂ ਲਈ ਉਹ ਚਾਨਣ-ਮੁਨਾਰਾ ਸੀ। ਮੇਰੇ ਲਈ ਉਹ ਬੰਦਰਗਾਹ ਸੀ। ਉਸ ਦੇ ਦਰਸ਼ਨ ਕਰਨਾ ਮੇਰੀਆਂ ਅੱਖਾਂ ਦਾ ਨਿੱਤਨੇਮ ਸੀ। ਮੈਨੂੰ ਉਸ ਦਾ ਪਰਛਾਵਾਂ ਵੀ ਮੁਸਕਰਾਉਂਦਾ ਵਿਖਾਈ ਦਿੰਦਾ ਸੀ। ਉਸ ਦੀ ਆਵਾਜ਼ ਵਿਚ ਜਲਤਰੰਗ ਸੀ। ਉਸ ਦੀ ਤੱਕਣੀ ਆਲੇ-ਦੁਆਲੇ ਨੂੰ ਚਿੱਤਰ ਬਣਾ ਦਿੰਦੀ ਸੀ। ਉਹ ਇਕੱਲੀ ਹੀ ਬਹੁ-ਸੰਮਤੀ ਸੀ। ਉਸ ਦੇ ਕਲਾਸ ਵਿਚ ਆਉਣ ਨਾਲ ਵਿਆਹ ਵਾਲੀ ਰੌਣਕ ਹੋ ਜਾਂਦੀ ਸੀ। ਉਹ ਆਪਣੀ ਰੋ ਰਹੀ ਸਹੇਲੀ ਨੂੰ ਚੁੱਪ ਕਰਾਉਂਦੀ-ਕਰਾਉਂਦੀ ਆਪ ਰੋਣ ਲੱਗ ਪੈਂਦੀ ਸੀ। ਉਸ ਦੀ ਹਰ ਚੀਜ਼ ਚੋਰੀ ਕਰ ਕੇ ਸਾਂਭਣਯੋਗ ਸੀ। ਉਸ ਦੀ ਅਮੀਰੀ ਇਹ ਸੀ ਕਿ ਉਹ ਹਰ ਵੇਲੇ ਮੁਸਕਰਾਉਂਦੀ ਰਹਿੰਦੀ ਸੀ। ਉਸ ਨੂੰ ਮੁਸਕਰਾਉਣ ਵਾਸਤੇ ਕੋਈ ਕਾਰਨ ਨਹੀਂ ਸੀ ਲੱਭਣਾ ਪੈਂਦਾ। ਉਹ ਸਾਡੇ ਸਾਰਿਆਂ ਦੀ ਸੋਚ ਉੱਤੇ ਰਾਜ ਕਰਦੀ ਸੀ। ਉਸ ਦੀ ਸੂਰਤ ਵੇਖ ਕੇ ਸਾਨੂੰ ਸਾਰਿਆਂਨੂੰ ਆਪਣੀ ਸ਼ਕਲ ਭੁੱਲ ਜਾਂਦੀ ਸੀ। ਜਿੰਨੀ ਸੁੰਦਰਤਾ ਕਿਸੇ ਵਿਚ ਵੇਖਣ ਦੀ ਹਿੰਮਤ ਹੁੰਦੀ ਸੀ। ਉਹ ਉਨੀ ਹੀ ਸੁੰਦਰ ਲੱਗਦੀ ਸੀ। ਕਿਸੇ ਵੀ ਤਸਵੀਰ ਵਿਚ ਉਸ ਦੀ ਸੁੰਦਰਤਾ ਦੇ ਸਾਰੇ ਪੱਖ ਨਹੀਂ ਸਨ ਆ ਸਕਦੇ। ਉਸ ਦਾ ਦਿਸੀ ਜਾਣਾ ਹੀ ਸਾਡੀ ਪੂਰਨਤਾ ਸੀ।

• ਨਰਿੰਦਰ ਸਿੰਘ ਕਪੂਰ
98158-80435

**ਸਾਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ ਕਿ ਉਸ ਨੇ ਸਾਨੂੰ ਇਨੀਂ ਸੋਹਣੀ ਸ੍ਰਿਸ਼ਟੀ 'ਚ ਜਨਮ ਦਿੱਤਾ ਹੈ। ਮੈਂ ਜਦੋਂ ਵੀ ਕੁਦਰਤ ਨੂੰ ਤੱਕਦੀ ਹਾਂ ਤਾਂ ਮੇਰਾ

ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਵਿਸ਼ੇਸ਼ ਹੋਇਆ ਗੁਰਮਤਿ ਸਮਾਗਮ

ਪੰਚਮੀ ਮੌਕੇ ਗੁ. ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਵੱਡੀ ਗਿਣਤੀ 'ਚ ਸੰਗਤ ਹੋਈ ਨਤਮਸਤਕ

ਪਟਿਆਲਾ, 2 ਅਕਤੂਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਵਿਖੇ ਪੰਚਮੀ ਦਾ ਦਿਹਾੜਾ ਬੜੇ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵੱਲੋਂ ਪੰਚਮੀ ਮੌਕੇ ਦੀਵਾਨ ਹਾਲ ਵਿਖੇ ਵਿਸ਼ੇਸ਼ ਦੀਵਾਨ ਸਜਾਏ ਗਏ। ਦੀਵਾਨਾ ਅੰਦਰ ਪੰਥ ਪ੍ਰਸਿੱਧ ਪ੍ਰਚਾਰਕ ਅਤੇ ਢਾਡੀ ਸਾਹਿਬਾਨ ਵੱਲੋਂ ਗੁਰ ਇਤਿਹਾਸ ਨਾਲ ਜੋੜਿਆ ਗਿਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਤਮਸਤਕ ਹੋ ਕੇ ਜਿੱਥੇ ਗੁਰੂ ਚਰਨਾਂ 'ਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਤਾਂ ਉੱਥੇ ਹੀ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਵੀ ਸਾਂਝ ਪਾਈ। ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਪੰਚਮੀ ਵਾਲੇ ਦਿਨ ਗੁ. ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਇਸ਼ਨਾਨ ਦਾ ਬਹੁਤ ਵੱਡਾ ਮਹਾਤਮ ਹੈ। ਅੱਜ ਇਸ ਮੌਕੇ ਵੱਡੀ ਗਿਣਤੀ 'ਚ ਸੰਗਤ ਨਤਮਸਤਕ ਹੋ ਰਹੀ ਹੈ ਅਸੀਂ ਗੁਰਦੁਆਰਾ ਸਾਹਿਬ ਵੱਲੋਂ ਸਭ ਨੂੰ ਜੀ ਆਇਆਂ ਨੂੰ ਕਹਿੰਦੇ ਹਾਂ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਅੰਮ੍ਰਿਤਧਾਰੀ ਹੋ ਕੇ ਪੰਥ ਕੌਮ 'ਤੇ ਆ ਰਹੀਆਂ ਮੁਸ਼ਕਲਾਂ ਨੂੰ ਇੱਕ ਜੁੱਟ ਹੋ ਕੇ ਸਰ ਕਰਨ ਦੀ ਗੱਲ ਕਹੀ। ਇਸ ਮੌਕੇ ਸ. ਭਾਗ ਸਿੰਘ ਮੈਨੇਜਰ ਗੁ. ਦੂਖ ਨਿਵਾਰਨ ਸਾਹਿਬ ਵੱਲੋਂ ਵੀ ਸੰਗਤ ਨੂੰ ਜੀ ਆਇਆਂ ਨੂੰ ਕਿਹਾ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਮੀਤ ਮੈਨੇਜਰ ਸ. ਜਸਵਿੰਦਰ ਸਿੰਘ, ਸ ਮਨਦੀਪ ਸਿੰਘ ਮੀਤ ਮੈਨੇਜਰ, ਸ. ਸਰਬਜੀਤ ਸਿੰਘ ਰਿਕਾਰਡ ਕੀਪਰ, ਸ. ਹਜ਼ੂਰ ਸਿੰਘ ਰਿਕਾਰਡ ਕੀਪਰ , ਸ. ਮਨਜੀਤ ਸਿੰਘ ਰਿਕਾਰਡ ਕੀਪਰ, ਗਿਆਨੀ ਪਰਵਿੰਦਰ ਸਿੰਘ ਬਰਾੜਾ, ਭਾਈ ਪਰਵਿੰਦਰ ਸਿੰਘ ਰਿਉਂਦ ਪ੍ਰਚਾਰਕ, ਗੁਰਪਿਆਰ ਸਿੰਘ ਜੌਹਰ ਢਾਡੀ, ਬੀਬੀ ਮੁਖਤਿਆਰ ਕੌਰ ਢਾਡੀ,ਲਖਵਿੰਦਰ ਸਿੰਘ ਪਾਰਸ ਢਾਡੀ, ਲਖਵਿੰਦਰ ਸਿੰਘ ਸਮੇਤ ਬਹੁਤ ਸਾਰੇ ਪੰਥ ਪ੍ਰਸਿੱਖ ਢਾਡੀ ਜਥੇ ਅਤੇ ਪੰਥਕ ਸ਼ਖਸੀਅਤਾਂ ਹਾਜਰ ਸਨ ।

ਦੇਵੀਗੜ੍ਹ ਚ ਹਲਕਾ ਇੰਚਾਰਜ ਰਣਜੋਧ ਸਿੰਘ ਹੜਾਣਾ ਵੱਲੋਂ ਝੋਨੇ ਦੀ ਖਰੀਦ ਕਰਵਾਈ ਸ਼ੁਰੂ

ਸਨੌਰ,2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੀਆਰਟੀਸੀ ਚੇਅਰਮੈਨ ਰਣਜੋਧ ਸਿੰਘ ਹੜਾਣਾ , ਹਲਕਾ ਇੰਚਾਰਜ ਸਨੌਰ ਵੱਲੋਂ ਅਨਾਜ ਮੰਡੀ ਦੇਵੀਗੜ੍ਹ ਵਿਖੇ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਗਈ ।ਇਸ ਮੌਕੇ ਉਹਨਾਂ ਕਿਹਾ ਕਿ ਝੋਨੇ ਦੀ ਖਰੀਦ ਮੌਕੇ ਕਿਸਾਨਾਂ ਨੂੰ ਮੰਡੀਆਂ ਚ ਕਿਸੇ ਪ੍ਰਕਾਰ ਦੀ ਵੀ ਕੋਈ ਦਿੱਕਤ ਨਹੀਂ ਆਣ ਦਿੱਤੀ ਜਾਵੇਗੀ। ਜੇਕਰ ਕੋਈ ਦਿੱਕਤ ਆਉਂਦੀ ਵੀ ਹੈ ਤਾਂ ਉਸ ਦਾ ਤੁਰੰਤ ਹੀ ਹੱਲ ਕੀਤਾ ਜਾਵੇਗਾ। ਕਿਸਾਨਾਂ ਦੀ ਫਸਲ ਦਾ ਦਾਣਾ ਦਾਣਾ ਖਰੀਦਣ ਲਈ ਪੰਜਾਬ ਸਰਕਾਰ ਬਚਨਬਧ ਹੈ ਹਲਕਾ ਇੰਚਾਰਜ ਸਨੌਰ ਰਣਜੋਧ ਸਿੰਘ ਹੜਾਣਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ

। ਗਿਆ ਇਸ ਸਮੇਂ ਆੜਤੀ ਐਸੋਸੀਏਸ਼ਨ ਦੇਵੀਗੜ੍ਹ ਦੇ ਪ੍ਰਧਾਨ ਵੇਦ ਪ੍ਰਕਾਸ਼ ਗਰਗ, ਰਾਜਵਿੰਦਰ ਸਿੰਘ ਹੜਾਣਾ, ਸੈਲਰ ਐਸੋਸੀਏਸ਼ਨ ਦੇ ਪ੍ਰਧਾਨ ਭੁਪਿੰਦਰ ਸਿੰਘ ਮੀਰਾਪੁਰ, ਮੰਡੀ ਦੂਧਨ ਸਾਧਾਂ ਪ੍ਰਧਾਨ ਭੁਪਿੰਦਰ ਸਿੰਘ ਜੱਜ, ਪ੍ਰਦੀਪ ਜੋਸ਼ਨ ਪ੍ਰਧਾਨ ਨਗਰ ਕੌਂਸਲ ਸਨੌਰ ਨਾਲ ਹੋਰ ਆਗੂ ਵੀ ਮੌਜੂਦ ਰਹੇ।

ਪੰਚਮੀ ਤੇ ਸ਼ਨੀਵਾਰ ਨੂੰ ਪੰਜਵੇਂ ਨਰਾਤੇ ਮੌਕੇ ਸ੍ਰੀ ਕਾਲੀ ਦੇਵੀ ਮੰਦਿਰ @ਚ ਦਰਸ਼ਨ ਕਰਨ ਲਈ ਸਵੇਰ ਤੋਂ ਰਾਤ ਤੱਕ ਸ਼ਰਧਾਲੂਆਂ ਦੀਆਂ ਲੱਗੀਆਂ ਲੰਮੀਆਂ ਕਤਾਰਾਂ

ਪਟਿਆਲਾ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਇਤਿਹਾਸਕ ਤੇ ਪੁਰਾਤਨ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ ਚੱਲ ਰਹੇ ਅੱਸੂ ਦੇ ਸ਼ਾਰਦੀਆ ਨਵਰਾਤਰਿਆਂ ਦੌਰਾਨ ਅੱਜ ਪੰਚਮੀਂ ਤੇ ਸ਼ਨੀਵਾਰ ਵਾਲੇ ਦਿਨ ਪੰਜਵੇਂ ਨਰਾਤੇ ਮੌਕੇ ਸ਼ਰਧਾਲੂਆਂ ਨੇ ਮਾਤਾ ਰਾਣੀ ਦੇ ਦਰਸ਼ਨ ਸਵੇਰ ਤੋਂ ਦੇਰ ਰਾਤ ਤੱਕ ਲੰਮੀਆਂ ਕਤਾਰਾਂ ਲਗਾ ਕੇ ਕੀਤੇ।ਇਸ ਦੌਰਾਨ ਸ਼ਰਧਾਲੂਆਂ ਦੀ ਵੱਡੀ ਆਮਦ ਨੂੰ ਦੇਖਦਿਆਂ ਮੰਦਿਰ ਦੀ ਐਡਵਾਇਜਰੀ ਮੈਨੇਜਿੰਗ ਕਮੇਟੀ ਦੇ ਮੈ ?ਬਰਾਂ ਸੀ.ਏ ਅਜੇ ਅਲੀਪੁਰੀਆ, ਡਾ. ਰਾਜਨ ਗੁਪਤਾ ਤੇ ਸੰਜੇ ਸਿੰਗਲਾ ਵੱਲੋਂ ਸੇਵਾ ਦੀ ਖ਼ੁਦ ਪਾਵਨ ਮੰਦਿਰ ਵਿਖੇ ਨਤਸਤਕ ਹੋਣ ਲਈ ਪੁੱਜ ਰਹੇ ਸ਼ਰਧਾਲੂਆਂ ਦੀਆਂ ਕਤਾਰਾਂ ਸ਼ੇਰਾਂ ਵਾਲਾ ਗੇਟ ਤੋਂ ਪਿੱਛੇ ਬਾਜ਼ਾਰ ਤੱਕ ਲੱਗੀਆਂ ਹੋਈਆਂ ਸਨ, ਇਨ੍ਹਾਂ ਸਾਰੇ ਸ਼ਰਧਾਲੂਆਂ ਦੀ ਲਾਈਨਾਂ ਵਿੱਚ ਗਰਮੀ ਨੂੰ ਦੇਖਦਿਆਂ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਸੇਵਾਦਾਰ ਵਲੰਟੀਅਰਾਂ ਵੱਲੋਂ ਸੇਵਾ ਭਾਵਨਾਂ ਨਾਲ ਪਾਣੀ ਪਿਲਾਇਆ ਜਾ ਰਿਹਾ ਹੈ।ਲਾਈਨਾਂ ਵਿੱਚ ਲੱਗੇ ਸ਼ਰਧਾਲੂਆਂ ਨੂੰ ਵਾਰੀ ਆਉਣ ਉਤੇ ਅੱਗੇ ਤੋਰਨ ਲਈ ਸੇਵਾਦਾਰ ਪੂਰੇ ਨਿਮਰ ਭਾਵ ਨਾਲ ਸੇਵਾ ਕਰ ਰਹੇ ਹਨ।

ਸਲਾਹਕਾਰੀ ਮੈਨੇਜਿੰਗ ਕਮੇਟੀ ਦੇ ਮੈਂਬਰ ਸੀ.ਏ. ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜਨ ਗੁਪਤਾ ਨੇ ਦੱਸਿਆ ਕਿ ਮੰਦਿਰ @ਚ ਸ਼ਰਧਾਲੂ ਮਾਤਾ ਰਾਣੀ ਦੇ ਦਰਸ਼ਨ ਕਰਨ ਲਈ ਲਾਇਨਾਂ ਵਿੱਚ ਲੱਗਕੇ ਭਵਨ ਤੱਕ ਪੁੱਜ ਰਹੇ ਹਨ, ਅਤੇ ਸੰਗਤ ਨੂੰ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਕਿਉਂਕਿ ਲੰਮਾ ਸਮਾਂ ਉਡੀਕ ਕਰਨੀ ਪੈਂਦੀ ਹੈ, ਇਸ ਲਈ ਪਾਣੀ ਤੇ ਲੰਗਰ ਦੀ ਪੂਰੀ ਵਿਵਸਥਾ ਮੰਦਿਰ ਵਿਖੇ ਕੀਤੀ ਗਈ ਹੈ। ਉਨ੍ਹਾਂ ਸ਼ਰਧਾਲੂਆਂ ਨੂੰ ਨਵਰਾਤਰਿਆਂ ਦੀ ਵਧਾਈ ਦਿੰਦਿਆਂ ਕਿਹਾ ਕਿ ਮੰਦਿਰ ਪ੍ਰਬੰਧਾਂ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ, ਤਾਂ ਕਿ ਸ਼ਰਧਾਲੂ ਪੂਰੀ ਸ਼ਰਧਾ ਭਾਵਨਾਂ ਦੇ ਨਾਲ ਸ੍ਰੀ ਕਾਲੀ ਦੇਵੀ ਦੇ ਦਰਸ਼ਨ ਕਰਕੇ ਆਪਣੀਆਂ ਮੰਨਤਾਂ ਮੰਗ ਸਕਣ ਤੇ ਸੁੱਖਾਂ ਤਾਰ ਸਕਣ। ਇਸ ਮੌਕੇ ਮੰਦਿਰ ਦੇ ਸੁਪਰਵਾਈਜ਼ਰ ਨਵਨੀਤ ਟੰਡਨ ਵੀ ਮੌਜੂਦ ਸਨ।

ਕਿਸਾਨਾਂ ਦੀ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਬਣੇਗਾ ਵਾਤਾਵਰਣ ਬਚਾਅ ਦਾ ਮਿਸਾਲ : ਮਾਰਕੀਟ ਕਮੇਟੀ ਅਮਰਗੜ

ਅਮਰਗੜ੍ਹ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਰਕੀਟ ਕਮੇਟੀ ਅਮਰਗੜ੍ਹ ਚੇਅਰਮੈਨ ਹਰਪ੍ਰੀਤ ਸਿੰਘ ਹੈਪੀ ਨੰਗਲ ਵੱਲੋਂ ਆਯੋਜਿਤ ਵਿਸ਼ਾਲ ਮੀਟਿੰਗ ਵਿੱਚ ਕਿਸਾਨਾਂ, ਪੰਚਾਂ ਅਤੇ ਸਰਪੰਚਾਂ ਨੂੰ ਝੋਨੇ ਦੀ ਖਰੀਦ ਅਤੇ ਪਰਾਲੀ ਦੇ ਯੋਗ ਪ੍ਰਬੰਧਨ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਕਿਸਾਨ ਕੇਵਲ ਮੰਡੀਆਂ ਵਿੱਚ ਕੇਵਲ ਸੁੱਕਾ ਝੋਨਾ ਹੀ ਲਿਆਉਣਾ ਹੈ ਅਤੇ ਖੇਤਾਂ ਵਿੱਚ ਹੀ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ।

ਮਾਰਕੀਟ ਕਮੇਟੀ ਅਮਰਗੜ੍ਹ ਚੇਅਰਮੈਨ ਹਰਪ੍ਰੀਤ ਸਿੰਘ ਹੈਪੀ ਨੰਗਲ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਰੋਜ਼ਾਨਾ ਝੋਨੇ ਦੀ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲਿਆ ਜਾ ਰਿਹਾ ਹੈ।

ਸਰਕਾਰ ਕਿਸਾਨਾਂ ਨੂੰ ਭਰੋਸਾ ਦਿਵਾ ਚੁੱਕੀ ਹੈ ਕਿ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ ਅਤੇ ਮੰਡੀਆਂ ਵਿੱਚ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਚੇਅਰਮੈਨ ਨੇ ਕਿਸਾਨਾਂ, ਆੜਤੀਆਂ ਅਤੇ ਹੋਰ ਪਿੰਡਾਂ ਨਾਲ ਸਬੰਧਤ ਨੁਮਾਇੰਦਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸਾਨਾਂ ਨੂੰ ਪ੍ਰੇਰਿਤ ਕਰਨ ਕਿ ਵਾਧੂ ਨਮੀ ਵਾਲਾ ਝੋਨਾ ਮੰਡੀਆਂ ਵਿੱਚ ਨਾ ਲਿਆਇਆ ਜਾਵੇ।

ਚੇਅਰਮੈਨ ਹੈਪੀ ਨੰਗਲ ਨੇ ਸਪੱਸ਼ਟ ਕੀਤਾ ਕਿ ਕੰਬਾਇਨਾਂ ਨਾਲ ਕਟਾਈ ਸਿਰਫ਼ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕੀਤੀ ਜਾਵੇ। ਰਾਤ ਸਮੇਂ ਕਟਾਈ ਨਾਲ ਨਮੀ ਵਧਦੀ ਹੈ, ਜਿਸ ਕਰਕੇ ਝੋਨੇ ਦੀ ਵਿਕਰੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਸਾਰੇ ਕਿਸਾਨ ਸਮਾਂ ਦੀ ਪਾਲਣਾ ਕਰਨ ਨੂੰ ਯਕੀਨੀ ਬਣਾਉਣ।

ਜ਼ਿਲ੍ਹਾ ਮੀਡੀਆ ਇੰਚਾਰਜ ਕਮ ਜ਼ਿਲ੍ਹਾ ਯੋਜਨਾ ਬੋਰਡ ਦੇ ਮੈਂਬਰ ਹਰਪ੍ਰੀਤ ਸਿੰਘ ਰੂਪਰਾਏ ਨੇ ਮੀਟਿੰਗ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀ ਕਿਸਾਨ ਆਪਣੀ ਮਹਿਨਤ ਨਾਲ ਪੂਰੇ ਦੇਸ਼ ਦਾ ਢਿੱਡ ਭਰਦੇ ਹਨ। ਉਹ ਮੌਸਮੀ ਮਾਰ ਤੇ ਨੁਕਸਾਨ ਵੀ ਸਹਿੰਦੇ ਹਨ ਪਰ ਹਿੰਮਤ ਨਹੀਂ ਹਾਰਦੇ।ਰੂਪਰਾਏ ਨੇ ਕਿਹਾ ਕਿ ਅੱਗ ਸਿਰਫ਼ ਪਰਾਲੀ ਨਹੀਂ ਸਾੜਦੀ, ਸਗੋਂ ਮਾਂ ਧਰਤੀ ਦੀ ਉਪਜਾਊ ਸ਼ਕਤੀ, ਸਾਡੀ ਸਿਹਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਵੀ ਖ਼ਤਰੇ ਵਿੱਚ ਪਾਂਦੀ ਹੈ। ਪਰਾਲੀ ਸਾੜਨ ਨਾਲ ਹਵਾ ਜ਼ਹਿਰੀਲੀ ਹੁੰਦੀ ਹੈ, ਬੱਚਿਆਂ ਅਤੇ ਬਜ਼ੁਰਗਾਂ ਦੀ ਸਿਹਤ 'ਤੇ ਬੁਰਾ ਅਸਰ ਪੈਂਦਾ ਹੈ ਅਤੇ ਪਾਣੀ ਦੇ ਸਰੋਤ ਵੀ ਪ੍ਰਦੂਸ਼ਿਤ ਹੁੰਦੇ ਹਨ।

ਬੰਦੀ ਸਿੰਘਾਂ ਨੂੰ ਰਿਹਾਅ ਕਰੇ ਕੇਂਦਰ ਸਰਕਾਰ : ਪੀਰਮੁਹੰਮਦ

ਚਮਕੌਰ ਸਾਹਿਬ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੁੱਖ ਬੁਲਾਰੇ ਕਰਨੈਲ ਸਿੰਘ ਪੀਰਮੁਹੰਮਦ ਨੇ ਕੇਂਦਰ ਸਰਕਾਰ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਵਸ ਮੌਕੇ ਮਨੁੱਖਤਾਵਾਦੀ ਪਹੁੰਚ ਅਪਣਾਉਂਦਿਆਂ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ (ਬੰਦੀ ਸਿੰਘਾਂ) ਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਪੀਰਮੁਹੰਮਦ ਨੇ ਕਿਹਾ ਹੈ ਕਿ ਜੇਕਰ ਕੇਂਦਰ ਸਰਕਾਰ ਸੱਚੇ ਦਿਲੋਂ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣਾ ਪਵੇਗਾ। ਗੁਰੂ ਸਾਹਿਬ ਨੇ ਜ਼ੁਲਮ ਖ਼ਿਲਾਫ਼ ਅਤੇ ਮਨੁੱਖੀ ਹੱਕਾਂ ਲਈ ਸ਼ਹਾਦਤ ਦਿੱਤੀ ਸੀ। ਅੱਜ ਉਸੇ ਦੇਸ਼ ਵਿੱਚ ਬੰਦੀ ਸਿੰਘ ਦਹਾਕਿਆਂ ਤੋਂ ਨਿਆਂ ਨੂੰ ਉਡੀਕ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਸ਼ਤਾਬਦੀ 'ਤੇ ਉਨ੍ਹਾਂ ਨੂੰ ਰਿਹਾਅ ਕਰਨ ਤੋਂ ਵੱਡੀ ਸ਼ਰਧਾਂਜਲੀ ਹੋਰ ਕੋਈ ਨਹੀਂ ਹੋ ਸਕਦੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਲਦੀ ਹੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇੱਕ ਖੁੱਲ੍ਹੀ ਚਿੱਠੀ ਭੇਜੀ ਜਾ ਰਹੀ ਹੈ। ਇਸ ਚਿੱਠੀ 'ਤੇ ਦੇਸ਼ ਦੇ ਉੱਘੇ ਮਨੁੱਖੀ ਅਧਿਕਾਰ ਕਾਰਕੁਨਾਂ, ਲੇਖਕਾਂ ਅਤੇ ਸੇਵਾ-ਮੁਕਤ ਜੱਜਾਂ ਦੇ ਦਸਤਖ਼ਤ ਵੀ ਲਏ ਜਾਣਗੇ ਤਾਂ ਜੋ ਸਰਕਾਰ ਤੱਕ ਕੌਮ ਦੀ ਸਾਂਝੀ ਆਵਾਜ਼ ਪਹੁੰਚ ਸਕੇ।

ਜਿਗਲੀ ਗੋਲਡਨ ਸਿਟੀ ਵਿੱਚ ਪ੍ਰਵੇਸ਼ ਕਰਦਾ ਹੈ, ਅੰਮ੍ਰਿਤਸਰ ਵਿੱਚ ਪਹਿਲਾ ਸੰਪੂਰਨ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਖੋਲ੍ਹਿਆ

ਅੰਮ੍ਰਿਤਸਰ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਪਣੇ ਦੇਸ਼ ਵਿਆਪੀ ਵਿਸਥਾਰ ਨੂੰ ਜਾਰੀ ਰੱਖਦੇ ਹੋਏ, ਭਾਰਤ ਦੇ ਪਹਿਲੇ ਤਕਨੀਕੀ-ਸਮਰੱਥ ਓਮਨੀਚੈਨਲ ਪਾਲਤੂ ਜਾਨਵਰਾਂ ਦੀ ਦੇਖਭਾਲ ਬ੍ਰਾਂਡ, ਜਿਗਲੀ (ਕਾਸਮੋ ਫਸਟ ਲਿਮਟਿਡ) ਨੇ ਅੰਮ੍ਰਿਤਸਰ ਵਿੱਚ ਆਪਣਾ ਪਹਿਲਾ ਨਵਾਂ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਲਾਂਚ ਕੀਤਾ ਹੈ, ਜਿਸ ਵਿੱਚ ਪੂਰੀ ਤਰ੍ਹਾਂ ਪਾਲਤੂ ਜਾਨਵਰਾਂ ਦੀ ਦੇਖਭਾਲ ਸਹੂਲਤਾਂ ਹਨ। ਇਹ ਨਵਾਂ ਵਾਧਾ ਦੇਸ਼ ਭਰ ਵਿੱਚ ਜਿਗਲੀ ਦੀਆਂ ਪਾਲਤੂ ਜਾਨਵਰਾਂ ਦੀ ਦੇਖਭਾਲ ਸੇਵਾਵਾਂ ਦੀ ਵੱਧ ਰਹੀ ਮੰਗ ਦੇ ਜਵਾਬ ਵਿੱਚ ਕੀਤਾ ਗਿਆ ਸੀ, ਜੋ ਹੁਣ ਗੋਲਡਨ ਸਿਟੀ ਵਿੱਚ ਪਾਲਤੂ ਜਾਨਵਰਾਂ ਦੇ ਮਾਪਿਆਂ ਲਈ ਇੱਕ ਵਿਆਪਕ ਇੱਕ-ਸਟਾਪ ਹੱਲ ਵਜੋਂ ਉਪਲਬਧ ਹਨ।

ਇਸ ਨਵੇਂ ਪਾਲਤੂ ਜਾਨਵਰਾਂ ਦੀ ਦੇਖਭਾਲ ਕੇਂਦਰ ਦੇ ਉਦਘਾਟਨ @ਤੇ ਬੋਲਦੇ ਹੋਏ, ਕੋਸਮੋ ਫਸਟ ਦੇ ਗਰੁੱਪ ਸੀਈਓ ਸ਼੍ਰੀ ਪੰਕਜ ਪੋਦਾਰ ਨੇ ਕਿਹਾ, ÷ਅੰਮ੍ਰਿਤਸਰ ਵਿੱਚ ਸਾਡਾ ਪ੍ਰਵੇਸ਼ ਦੇਸ਼ ਭਰ ਵਿੱਚ ਗੁਣਵੱਤਾ ਵਾਲੇ ਪਾਲਤੂ ਜਾਨਵਰਾਂ ਦੀ ਦੇਖਭਾਲ ਨੂੰ ਪਹੁੰਚਯੋਗ ਬਣਾਉਣ ਦੇ ਸਾਡੇ ਮਿਸ਼ਨ ਵਿੱਚ ਇੱਕ ਹੋਰ ਮਹੱਤਵਪੂਰਨ ਮੀਲ ਪੱਥਰ ਹੈ। ਪਾਲਤੂ ਜਾਨਵਰਾਂ ਦੀ ਮਜ਼ਬੂਤ ਮੰਗ ਨੂੰ ਦੇਖਦੇ ਹੋਏ, ਸਾਡੇ ਲਈ ਆਪਣੇ ਕਾਰਜਾਂ ਦਾ ਪੰਜਾਬ ਤੱਕ ਵਿਸਤਾਰ ਕਰਨਾ ਬਹੁਤ ਜ਼ਰੂਰੀ ਸੀ, ਜਿੱਥੇ ਸਪੈਸ਼ਲਾਈਜ਼ਡ ਪੇਟ ਕੇਅਰ ਲਿਮਟਿਡ ਸਥਿਤ ਹੈ। ਸਾਡੇ ਨਵੀਨਤਾਕਾਰੀ ਸੁਤੰਤਰ ਅਧਿਐਨਾਂ ਅਤੇ ਹਮਦਰਦੀ ਭਰੇ, ਪੇਸ਼ੇਵਰ ਦੇਖਭਾਲ ਦੇ ਨਾਲ, ਅਸੀਂ ਹੁਣੇ ਇੱਕ ਕੇਂਦਰ ਖੋਲ੍ਹਿਆ ਹੈ।

ਅਸੀਂ ਪੰਜਾਬ ਵਿੱਚ ਪਾਲਤੂ ਜਾਨਵਰਾਂ ਦੀ ਤੰਦਰੁਸਤੀ ਲਈ ਨਵੇਂ ਮਾਪ

ਮੋਦੀ ਬੇਮਿਸਾਲ ਨੇਤਾ : ਹੁਨਰਮੰਦ ਕਰਮਯੋਗੀ

ਲੇਖਕ: ਸ਼੍ਰੀ ਹਰਦੀਪ ਸਿੰਘ ਪੁਰੀ, ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰੀ

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਕ੍ਰਿਸ਼ਮਈ (ਚਮਤਕਾਰੀ) ਮੌਜੂਦਗੀ ਅਤੇ ਸੰਗਠਨਾਤਮਕ ਅਗਵਾਈ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਹੈ,ਪਰ ਜਿਸ ਗੱਲ ਨੂੰ ਘੱਟ ਲੋਕ ਹੀ ਸਮਝਦੇ ਅਤੇ ਜਾਣਦੇ ਹਨ, ਉਹ ਇਹ ਹੈ ਕਿ ਉਨ੍ਹਾਂ ਦੇ ਸਖ਼ਤ ਪੇਸ਼ੇਵਰ ਵਚਨਬੱਧਤਾ ਹੀ ਉਨ੍ਹਾਂ ਦੇ ਕੰਮ ਦੀ ਵਿਸ਼ੇਸ਼ਤਾ ਹੈ। ਗੁਜਰਾਤ ਦੇ ਮੁੱਖਮੰਤਰੀ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਪਿਛਲੇ ਢਾਈ ਦਹਾਕਿਆਂ ਦੌਰਾਨ ਉਨ੍ਹਾਂ ਦੀ ਕਾਰਜਸ਼ੈਲੀ ਵਿੱਚ ਨਿਰੰਤਰ ਪੇਸ਼ੇਵਰ ਨੈਤਿਕਤਾ ਵਿਕਸਿਤ ਹੋਈ ਹੈ।

ਜੋ ਗੱਲ ਉਨ੍ਹਾਂ ਨੂੰ ਹੋਰਨਾਂ ਤੋਂ ਵੱਖਰਾ ਬਣਾਉਂਦੀ ਹੈ, ਉਹ ਪ੍ਰਦਰਸ਼ਨ ਦੀ ਪ੍ਰਤਿਭਾ ਨਹੀਂ ਹੈ, ਸਗੋਂ ਇੱਕ ਅਜਿਹਾ ਅਨੁਸ਼ਾਸਨ ਹੈ ਜੋ ਦ੍ਰਿਸ਼ਟੀਕੋਣ ਨੂੰ ਟਿਕਾਊ ਪ੍ਰਣਾਲੀਆਂ ਵਿੱਚ ਬਦਲਦਾ ਹੈ। ਭਾਰਤੀ ਮੁਹਾਵਰੇ ਵਿੱਚ ਕਿਹਾ ਜਾਵੇ, ਤਾਂ ਉਹ ਇੱਕ ਕਰਮਯੋਗੀ ਹਨ: ਕਰਤੱਵ 'ਤੇ ਅਧਾਰਿਤ ਅਜਿਹਾ ਕਰਮ, ਜਿਸ ਦਾ ਮੁਲਾਂਕਣ ਜ਼ਮੀਨੀ ਪੱਧਰ 'ਤੇ ਆਏ ਬਦਲਾਅ ਤੋਂ ਹੁੰਦਾ ਹੈ।

ਇਹੀ ਨੈਤਿਕਤਾ ਇਸ ਸਾਲ ਲਾਲ ਕਿਲ੍ਹੇ ਤੋਂ ਉਨ੍ਹਾਂ ਦੇ ਸੁਤੰਤਰਤਾ ਦਿਵਸ ਦੇਭਾਸ਼ਣ ਦਾ ਅਧਾਰ ਰਹੀ। ਉਨ੍ਹਾਂ ਦੇ ਇਸ ਭਾਸ਼ਣ ਵਿੱਚ ਉਪਲਬਧੀਆਂ ਦਾ ਇੱਕ ਲੇਖਾ-ਜੋਖਾ ਘੱਟ ਅਤੇ ਮਿਲ ਜੁਲ ਕੇ ਕੰਮ ਕਰਨ ਦਾ ਚਾਰਟਰ ਜ਼ਿਆਦਾ ਪੇਸ਼ ਕੀਤਾ ਗਿਆ: ਨਾਗਰਿਕਾਂ, ਵਿਗਿਆਨੀਆਂ, ਸਟਾਰਟ-ਅੱਪਸਅਤੇ ਰਾਜਾਂ ਨੂੰ ਵਿਕਸਿਤ ਭਾਰਤ ਦੇ ਸਹਿ-ਲੇਖਕ ਵਜੋਂ ਸੱਦਾ ਦਿੱਤਾ ਗਿਆ। ਡੂੰਘੀ ਤਕਨਾਲੋਜੀ, ਸਾਫ਼ ਵਿਕਾਸ ਅਤੇ ਮਜ਼ਬੂਤ ਸਪਲਾਈ ਚੇਨਾਂ ਵਿੱਚ ਇੱਛਾਵਾਂ ਨੂੰ ਕੋਰੇ ਸ਼ਬਦਾਂ ਵਿੱਚ ਨਹੀਂ, ਸਗੋਂ ਵਿਵਹਾਰਕ ਪ੍ਰੋਗਰਾਮਾਂ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮਾਂ ਨੂੰ ਜਨਭਾਗੀਦਾਰੀ, ਭਾਵ ਇੱਕ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ਵਾਲੇ ਰਾਜ ਅਤੇ ਉੱਦਮੀ ਲੋਕਾਂ ਵਿਚਕਾਰਲੀ ਸਾਂਝੇਦਾਰੀ ਨੂੰ ਇੱਕ ਵਿਧੀ ਵਜੋਂ ਪੇਸ਼ ਕੀਤਾ ਗਿਆ।

ਹਾਲ ਹੀ ਵਿੱਚ ਕੀਤਾ ਗਿਆ ਜੀਐੱਸਟੀ ਢਾਂਚੇ ਦਾ ਸਰਲੀਕਰਣ ਇਸ ਢੰਗ ਨੂੰ ਦਰਸਾਉਂਦਾ ਹੈ। ਸਲੈਬਾਂ ਨੂੰ ਘਟਾ ਕੇ ਅਤੇ ਰੁਕਾਵਟਾਂ ਨੂੰ ਦੂਰ ਕਰਕੇ ਕੌਂਸਲ ਨੇ ਛੋਟੀਆਂ ਫਰਮਾਂ ਲਈ ਪਾਲਣਾ ਲਾਗਤਾਂ ਨੂੰ ਘੱਟ ਕੀਤਾ ਹੈ ਅਤੇ ਇਸ ਦਾ ਲਾਭ ਸਿੱਧੇ ਘਰਾਂ ਤੱਕ ਪਹੁੰਚਾਉਣ ਦੀ ਗਤੀ ਨੂੰ ਤੇਜ਼ ਕੀਤਾ ਹੈ। ਪ੍ਰਧਾਨ ਮੰਤਰੀ ਦਾ ਧਿਆਨ ਸੰਖੇਪ ਮਾਲੀਆ ਵਕਰਾਂ 'ਤੇ ਨਹੀਂ, ਸਗੋਂ ਇਸ ਗੱਲ 'ਤੇ ਸੀ ਕਿ ਕੀ ਆਮ ਨਾਗਰਿਕ ਜਾਂ ਛੋਟਾ ਵਪਾਰੀ ਇਸ ਤਬਦੀਲੀ ਨੂੰ ਜਲਦੀ ਮਹਿਸੂਸ ਕਰੇਗਾ ਜਾਂ ਨਹੀਂ। ਇਹ ਸੁਭਾਵਿਕ ਪ੍ਰਵਿਰਤੀ ਸਹਿਕਾਰੀ ਸੰਘਵਾਦ ਨੂੰ ਦਰਸਾਉਂਦੀ ਹੈ ਜਿਸ ਨੇ ਜੀਐੱਸਟੀ ਕੌਂਸਲ ਦਾ ਮਾਰਗਦਰਸ਼ਨ ਕੀਤਾ ਹੈ: ਰਾਜ ਅਤੇ ਕੇਂਦਰ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕਰਦੇ ਹਨ, ਪਰ ਸਾਰੇ ਇੱਕ ਅਜਿਹੀ ਪ੍ਰਣਾਲੀ ਦੇ ਅੰਦਰ ਕੰਮ ਕਰ ਰਹੇ ਹਨ ਜੋ ਸਥਿਰ ਰਹਿਣ ਦੀ ਬਜਾਏ ਹਾਲਤਾਂ ਦੇ ਅਨੁਕੂਲ ਢਲ ਜਾਂਦੀ ਹੈ। ਨੀਤੀ ਨੂੰ ਇੱਕ ਜੀਵੰਤ ਸਾਧਨ ਵਜੋਂ ਮੰਨਿਆ ਜਾਂਦਾ ਹੈ, ਜੋ ਕਾਗਜ਼ 'ਤੇ ਸਮਾਨਤਾ ਲਈ ਸੁਰੱਖਿਅਤ ਇੱਕ ਸਮਾਰਕ ਦੇ ਰੂਪ ਵਿੱਚ ਨਾ ਰਹਿ ਕੇ ਅਰਥਵਿਵਸਥਾ ਦੇ ਅਨੁਸਾਰ ਢਾਲੀ ਗਈ ਹੈ।

ਇਹੋ ਉਹ ਪੇਸ਼ੇਵਰਤਾ ਦ੍ਰਿਸ਼ਟੀਕੋਣ ਹੈ ਜੋ ਅਮਰੀਕਾ ਤੋਂ ਵਾਪਸੀ ਦੀ 15 ਘੰਟੇ ਦੀ ਲੰਬੀ ਉਡਾਣ ਤੋਂ ਬਾਅਦ ਦੇਰ ਰਾਤ ਬਿਨਾਂ ਕਿਸੇ ਸੂਚਨਾ ਦੇ ਉਸਾਰੀ ਅਧੀਨ ਨਵੀਂ ਸੰਸਦ ਭਵਨ ਦੇ ਗੇਟ 'ਤੇ ਪਹੁੰਚਣ ਦੀ ਗੱਲ ਨੂੰ ਸਮਝਾਉਂਦਾ ਹੈ।

ਮੈਂ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਦਾ ਪੰਦਰ੍ਹਾਂ ਮਿੰਟ ਦਾ ਸਮਾਂ ਮੰਗਿਆ ਸੀ। ਇਸ ਦੌਰਾਨ ਹੋਈ ਚਰਚਾ ਵਿੱਚ ਮੈਂ ਉਨ੍ਹਾਂ ਦੀ ਵਿਆਪਕ ਸਮਝ ਅਤੇ ਬਹੁ-ਆਯਾਮੀ ਦ੍ਰਿਸ਼ਟੀਕੋਣ-ਇੱਕ ਹੀ ਫ੍ਰੇਮ ਵਿੱਚ ਸ਼ਾਮਲ - ਸੂਖਮ ਤੋਂ ਬਰੀਕ ਵੇਰਵੇ ਅਤੇ ਵਿਆਪਕ ਸੰਪਰਕ ਨੂੰ ਦੇਖ ਕੇ ਹੈਰਾਨ ਰਹਿ ਗਿਆ। ਇਹ ਮੀਟਿੰਗ 45 ਮਿੰਟ ਤੱਕ ਚੱਲੀ। ਸਹਿਕਰਮੀਆਂ ਨੇ ਬਾਦ ਵਿੱਚ ਮੈਨੂੰ ਦੱਸਿਆ ਕਿ ਉਨ੍ਹਾਂ ਨੇ ਇਸ ਦੀ ਤਿਆਰੀ ਕਰਨ ਵਿੱਚ ਦੋ ਘੰਟਿਆਂ ਤੋਂ ਵੱਧ ਦਾ ਸਮਾਂ ਲਗਾਇਆ, ਨੋਟਸ, ਅੰਕੜੇ ਅਤੇ ਜਵਾਬੀ ਦਲੀਲਾਂ ਦਾ ਅਧਿਐਨ ਕੀਤਾ।

ਤਿਆਰੀ ਦਾ ਇਹ ਪੱਧਰ ਕੋਈ ਅਪਵਾਦ ਨਹੀਂ ਹੈ; ਇਹ ਕੰਮ ਦਾ ਉਹ ਮਾਪਦੰਡ ਹੈ ਜਿਸ ਨੂੰ ਉਨ੍ਹਾਂ ਨੇ ਖੁਦ ਆਪਣੇ ਲਈ ਨਿਰਧਾਰਿਤ ਕੀਤਾ ਹੈ ਅਤੇ ਜਿਸ ਦੀ ਉਹ ਸਿਸਟਮ ਤੋਂ ਵੀ ਉਮੀਦ ਕਰਦੇ ਹਨ। ਨਿਰੰਤਰ ਤਿਆਰੀ ਦੀ ਇਹੀ ਆਦਤ ਯਕੀਨੀ ਬਣਾਉਂਦੀ ਹੈ ਕਿ ਫੈਸਲੇ ਠੋਸ ਅਤੇ ਭਵਿੱਖ ਲਈ ਉਪਯੁਕਤ ਹੋਣ।

ਭਾਰਤ ਦੀ ਹਾਲੀਆ ਤਰੱਕੀ ਦਾ ਜ਼ਿਆਦਾਤਰ ਹਿੱਸਾ ਉਨ੍ਹਾਂ ਵਿਵਸਥਾਵਾਂ ਅਤੇ ਪ੍ਰਣਾਲੀਆਂ 'ਤੇ ਨਿਰਭਰ ਕਰਦਾ ਹੈ ਜੋ ਸਾਡੇ ਨਾਗਰਿਕਾਂ ਲਈ ਮਾਣ-ਸਨਮਾਨ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਡਿਜੀਟਲ ਪਛਾਣ, ਯੂਨੀਵਰਸਲ ਬੈਂਕ ਖਾਤੇ ਅਤੇ ਰੀਅਲ-ਟਾਈਮ ਭੁਗਤਾਨਾਂ ਦੀ ਤ੍ਰਿਮੂਰਤੀ ਨੇ ਸਮਾਵੇਸ਼ ਨੂੰ ਬੁਨਿਆਦੀ ਢਾਂਚੇ ਵਿੱਚ ਬਦਲ ਦਿੱਤਾ ਹੈ। ਲਾਭ ਸਿੱਧੇ ਪ੍ਰਮਾਣਿਤ ਨਾਗਰਿਕਾਂ ਤੱਕ ਪਹੁੰਚਦੇ ਹਨ; ਉਚਿਤ ਵਿਵਸਥਾ ਕਾਰਨ ਗੜਬੜੀਆਂ ਘੱਟ ਹੁੰਦੀਆਂ ਹਨ; ਛੋਟੇ ਕਾਰੋਬਾਰਾਂ ਨੂੰ ਅਨੁਮਾਨਯੋਗ ਨਕਦੀ ਪ੍ਰਵਾਹ ਮਿਲਦਾ ਹੈ; ਅਤੇ ਨੀਤੀ ਧਾਰਨਾਵਾਂ ਦੀ ਬਜਾਏ ਅੰਕੜਿਆਂ 'ਤੇ ਅਧਾਰਿਤ ਹੁੰਦੀਆਂ ਹਨ। ਇਸ ਪ੍ਰਕਾਰ ਅੰਤਯੋਦਯ - ਆਖਰੀ ਨਾਗਰਿਕ ਦਾ ਉਭਾਰ - ਇਹ ਇੱਕ ਨਾਅਰਾ ਮਾਤਰ ਨਹੀਂ- ਸਗੋਂ ਮਾਪਦੰਡ ਬਣ ਜਾਂਦਾ ਹੈ- ਅਤੇ ਪ੍ਰਧਾਨ ਮੰਤਰੀ ਦਫ਼ਤਰ ਤੱਕ ਪਹੁੰਚਣ ਵਾਲੀ ਹਰ ਯੋਜਨਾ, ਪ੍ਰੋਗਰਾਮ ਅਤੇ ਫਾਈਲ ਦੀ ਅਸਲੀ ਕਸੌਟੀ ਬਣ ਜਾਂਦੀ ਹੈ।

ਅਸਾਮ ਦੇ ਨੁਮਾਲੀਗੜ੍ਹ ਵਿੱਚ ਭਾਰਤ ਦੇ ਪਹਿਲੇ ਬਾਂਸ-ਅਧਾਰਿਤ 2ਜੀ ਈਥੈਨੋਲ ਪਲਾਂਟ ਦੇ ਉਦਘਾਟਨ ਦੌਰਾਨ, ਮੈਨੂੰ ਇੱਕ ਵਾਰ ਫਿਰ ਇਸਨੂੰ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ। ਇੰਜੀਨੀਅਰਾਂ, ਕਿਸਾਨਾਂ ਅਤੇ ਤਕਨੀਕੀ ਮਾਹਿਰਾਂ ਦੇ ਨਾਲ ਖੜ੍ਹੇ ਹੋ ਕੇ, ਪ੍ਰਧਾਨ ਮੰਤਰੀ ਦੇ ਸਿੱਧੇ ਮਹੱਤਵਪੂਰਨ ਬਿੰਦੂਆਂ 'ਤੇ ਸੁਆਲ ਪੁੱਛੇ: ਕਿਸਾਨਾਂ ਨੂੰ ਭੁਗਤਾਨ ਉਸੇ ਦਿਨ ਕਿਵੇਂ ਪ੍ਰਾਪਤ ਹੋਵੇਗਾ; ਕੀ ਜੈਨੇਟਿਕ ਇੰਜੀਨੀਅਰਿੰਗ ਨਾਲ ਅਜਿਹਾ ਬਾਂਸ ਤਿਆਰ ਕੀਤਾ ਜਾ ਸਕਦਾ ਹੈ ਜੋ ਤੇਜ਼ੀ ਨਾਲ ਵਧਦਾ ਹੈ ਅਤੇ ਗੰਢਾਂ ਵਿਚਕਾਰ ਬਾਂਸ ਦੇ ਤਣੇ ਦੀ ਲੰਬਾਈ ਵਧਾਉਂਦਾ ਹੈ; ਕੀ ਮਹੱਤਵਪੂਰਨ ਐਨਜ਼ਾਈਮ ਸਵਦੇਸ਼ੀ ਹੋ ਸਕਦੇ ਹਨ; ਕੀ ਬਾਂਸ ਦੇ ਹਰ ਹਿੱਸੇ - ਤਣੇ, ਪੱਤੇ, ਰਹਿੰਦ-ਖੂੰਹਦ - ਈਥੈਨੋਲ ਤੋਂ ਲੈ ਕੇ ਫਰਫੁਰਲ ਅਤੇ ਗ੍ਰੀਨ ਐਸੀਟਿਕ ਐਸਿਡ ਤੱਕ -ਆਰਥਿਕ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ ? ਚਰਚਾ ਸਿਰਫ ਤਕਨਾਲੋਜੀ ਤੱਕ ਸੀਮਿਤ ਨਹੀਂ ਸੀ। ਇਹ ਲੌਜਿਸਟਿਕਸ, ਸਪਲਾਈ ਚੇਨ ਦੀ ਲਚਕਤਾ ਅਤੇ ਗਲੋਬਲ ਕਾਰਬਨ ਫੁੱਟਪ੍ਰਿੰਟ ਤੱਕ ਫੈਲ ਗਈ। ਅੰਤਰਰਾਸ਼ਟਰੀ ਚਰਚਾਵਾਂ ਵਿੱਚ ਹਿੱਸਾ ਲੈਣ ਵਾਲੇ ਵਿਅਕਤੀ ਦੇ ਰੂਪ ਵਿੱਚ, ਮੈਂ ਇਸ ਵਿਧੀ ਨੂੰ ਤੁਰੰਤ ਪਛਾਣ ਲਿਆ: ਸੰਖੇਪ ਵੇਰਵੇ ਦੀ ਸਪਸ਼ਟਤਾ, ਵਿਸਥਾਰ ਵਿੱਚ ਸਟੀਕਤਾ ਅਤੇ ਇਸ ਗੱਲ ਦਾ ਜ਼ੋਰ ਕਿ ਲਾਈਨ ਵਿੱਚ ਆਖਰ ਵਿੱਚ ਖੜਾ ਵਿਅਕਤੀ ਪਹਿਲਾ ਲਾਭਪਾਤਰੀ ਹੋਣਾ ਚਾਹੀਦਾ ਹੈ।

ਇਹੀ ਸਪਸ਼ਟਤਾ ਭਾਰਤ ਦੀ ਆਰਥਿਕ ਨੀਤੀ ਨੂੰ ਵੀ ਜੀਵੰਤ ਕਰਦੀ ਹੈ। ਊਰਜਾ ਦੇ ਖੇਤਰ ਵਿੱਚ, ਇੱਕ ਵਿਭਿੰਨ ਸਪਲਾਇਰ ਸਮੂਹ ਅਤੇ ਸ਼ਾਂਤ, ਠੋਸ ਖਰੀਦਦਾਰੀ ਨੇ ਉਤਾਰ-ਚੜਾਅ ਭਰੇ ਸਮੇਂ ਵਿੱਚ ਸਾਡੇ ਹਿੱਤਾਂ ਨੂੰ ਸੁਰੱਖਿਅਤ ਰੱਖਿਆ ਹੈ। ਵਿਦੇਸ਼ਾਂ ਵਿੱਚ ਇੱਕ ਤੋਂ ਵੱਧ ਮੌਕਿਆਂ 'ਤੇ, ਮੇਰੇ ਕੋਲ ਇੱਕ ਬਹੁਤ ਹੀ ਸਰਲ ਨਿਰਦੇਸ਼ ਸੀ: ਸਪਲਾਈ ਯਕੀਨੀ ਬਣਾਉਣਾ, ਸਮਰੱਥਾ ਬਣਾਏ ਰੱਖਣਾ, ਅਤੇ ਭਾਰਤੀ ਖਪਤਕਾਰਾਂ ਨੂੰ ਕੇਂਦਰ ਵਿੱਚ ਰੱਖਣਾ। ਉਸ ਸਪਸ਼ਟਤਾ ਦਾ ਸਤਿਕਾਰ ਕੀਤਾ ਗਿਆ, ਅਤੇ ਨਤੀਜੇ ਵਜੋਂ ਗੱਲਬਾਤ ਹੋਰ ਵੀ ਸੁਚਾਰੂ ਢੰਗ ਨਾਲ ਅੱਗੇ ਵਧੀ।

ਰਾਸ਼ਟਰੀ ਸੁਰੱਖਿਆ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੇ ਦਿਖਾਵੇ ਤੋਂ ਗੁਰੇਜ਼ ਕੀਤਾ ਗਿਆ ਹੈ। ਦ੍ਰਿੜ੍ਹ ਸੰਕਲਪ ਅਤੇ ਸੰਜਮ ਨਾਲ ਕੀਤੇ ਗਏ ਕਾਰਜਾਂ - ਸਪਸ਼ਟ ਟੀਚੇ, ਫੌਜਾਂ ਨੂੰ ਸੰਚਾਲਨ ਦੀ ਸੁਤੰਤਰਤਾ, ਨਿਰਦੇਸ਼ਾਂ ਦੀ ਸੁਰੱਖਿਆ - ਵਿੱਚ ਸ਼ੋਰ-ਸ਼ਰਾਬੇ ਦੀ ਬਜਾਏ ਭਰੋਸੇ ਨੂੰ ਤਰਜੀਹ ਦਿੱਤੀ ਗਈ ਹੈ । ਨੈਤਿਕ ਸਿਧਾਂਤ ਇੱਕੋ ਹੀ ਹੈ: ਸਖ਼ਤ ਮਿਹਨਤ ਕਰੋ, ਨਤੀਜੇ ਖੁਦ ਹੀ ਸਾਹਮਣੇ ਆਉਣਗੇ।

ਇਹਨਾਂ ਵਿਕਲਪਾਂ ਦੇ ਪਿੱਛੇ ਇੱਕ ਵਿਲੱਖਣ ਕਾਰਜ ਸ਼ੈਲੀ ਲੁਕੀ ਹੈ। ਚਰਚਾਵਾਂ ਸਿਵਲ ਹਨ ਪਰ ਸਖ਼ਤ ਹੁੰਦੀਆਂ ਹਨ; ਆਪਸੀ ਵਿਰੋਧੀ ਵਿਚਾਰਾਂ ਦਾ ਸੁਆਗਤ ਹੈ, ਪਰੰਤੂ ਭਰਮਾਂ ਦੀ ਕੋਈ ਥਾਂ ਨਹੀਂ ਹੈ। ਸਾਰਿਆਂ ਨੂੰ ਸੁਣਨ ਤੋਂ ਬਾਅਦ, ਉਹ ਇੱਕ ਮੋਟੇ ਦਸਤਾਵੇਜ਼ ਨੂੰ ਜ਼ਰੂਰੀ ਵਿਕਲਪਾਂ ਤੱਕ ਸੀਮਤ ਕਰ ਦਿੰਦੇ ਹਨ, ਜ਼ਿੰਮੇਵਾਰੀ ਸੌਂਪਦੇ ਹੈ, ਅਤੇ ਸਫਲਤਾ ਤੈਅ ਕਰਨ ਦੇ ਮਾਪਦੰਡ ਦਾ ਨਾਮ ਦੱਸਦੇ ਹਨ। । ਸਭ ਤੋਂ ਜ਼ੋਰਦਾਰ ਦਲੀਲ ਨਹੀਂ, ਸਗੋਂ ਸਭ ਤੋਂ ਵਧੀਆ ਤਰਕ ਦੀ ਜਿੱਤ ਹੁੰਦੀ ਹੈ; ਤਿਆਰੀ ਦਾ ਸਨਮਾਨ ਕੀਤਾ ਜਾਂਦਾ ਹੈ; ਨਿਰੰਤਰ ਫਾਲੋ-ਅੱਪ ਕੀਤਾ ਜਾਂਦਾ ਹੈ। ਸਹਿ-ਕਰਮੀਆਂ ਲਈ, ਇਹ ਤਿਆਰੀ ਇੱਕ ਸਿੱਖ ਹੁੰਦੀ ਹੈ; ਸਿਸਟਮ ਲਈ, ਇਹ ਇੱਕ ਸੱਭਿਆਚਾਰ ਹੈ ਜਿੱਥੇ ਨਤੀਜੇ ਦੀ ਗੁਣਵੱਤਾ ਦਾ ਅਨੁਮਾਨ ਨਹੀਂ ਲਗਾਇਆ ਜਾਂਦਾ ਸਗੋਂ ਉਸ ਦਾ ਮੁਲਾਂਕਣ ਕੀਤਾ ਜਾਂਦਾ ਹੈ।

ਇਹ ਕੋਈ ਸੰਜੋਗ ਨਹੀਂ ਹੈ ਕਿ ਪ੍ਰਧਾਨ ਮੰਤਰੀ ਦਾ ਜਨਮਦਿਨ ਦਿੱਬ ਸ਼ਿਲਪੀ-ਵਿਸ਼ਵਕਰਮਾ ਦੀ ਜਯੰਤੀ ਵਾਲੇ ਦਿਹਾੜੇ ਹੀ ਪੈਂਦਾ ਹੈ। ਇਹ ਸਮਾਨਤਾ ਦਾ ਸ਼ਬਦ ਨਹੀਂ, ਸਗੋਂ ਸਿੱਖਿਆਦਾਇਕ ਹੈ, ਜਨਤਕ ਜੀਵਨ ਵਿੱਚ, ਸਭ ਤੋਂ ਸਥਾਈ ਸਮਾਰਕ ਸੰਸਥਾਵਾਂ, ਪਲੈਟਫਾਰਮ ਅਤੇ ਮਿਆਰ ਹੁੰਦੇ ਹਨ। ਨਾਗਰਿਕਾਂ ਲਈ, ਕਾਰਜ ਲਾਗੂਕਰਨ ਇੱਕ ਅਜਿਹਾ ਲਾਭ ਹੈ, ਜੋ ਸਮੇਂ ਸਿਰ ਮਿਲਦਾ ਹੈ ਅਤੇ ਇੱਕ ਅਜਿਹੀ ਕੀਮਤ, ਜੋ ਉਚਿਤ ਰਹਿੰਦੀ ਹੈ; ਉੱਦਮਾਂ ਲਈ, ਇਹ ਨੀਤੀਗਤ ਸਪਸ਼ਟਤਾ ਅਤੇ ਵਿਸਤਾਰ ਦਾ ਇੱਕ ਭਰੋਸੇਯੋਗ ਮਾਰਗ ਹੈ; ਰਾਜ ਲਈ ਇਹ ਅਜਿਹੀਆਂ ਵਿਵਸਥਾਵਾਂ ਹਨ , ਜੋ ਦਬਾਅ ਵਿੱਚ ਵੀ ਸਥਿਰ ਰਹਿੰਦੀਆਂ ਹਨ ਅਤੇ ਵਰਤੋਂ ਦੇ ਨਾਲ ਹੀ ਬਿਹਤਰ ਹੋ ਜਾਂਦੀਆਂ ਹਨ। ਨਰੇਂਦਰ ਮੋਦੀ ਨੂੰ ਇਸੇ ਮਾਪਦੰਡ ਨਾਲ ਦੇਖਿਆ ਜਾਣਾ ਚਾਹੀਦਾ ਹੈ; ਇੱਕ ਅਜਿਹੇ ਕਰਮਯੋਗੀ ਵਜੋਂ ਜਿਨ੍ਹਾਂ ਦਾ ਕੰਮ ਲਾਗੂ ਕਰਨਾ ਹੈ, ਦਿਖਾਵਾ ਨਹੀਂ, ਸਗੋਂ ਇੱਕ ਇਹੋ ਜਿਹੀ ਸੇਵਾ ਹੈ ਜੋ ਭਾਰਤੀ ਇਤਿਹਾਸ ਦੇ ਅਗਲੇ ਅਧਿਆਏ ਨੂੰ ਆਕਾਰ ਦੇ ਰਹੀ ਹੈ।

ਮਹਾਰਾਜ ਅਜਮੀੜ੍ਹ ਜਯੰਤੀ ਨੂੰ ਸਰਕਾਰੀ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਿਲ ਕਰਨ ਦੀ ਮੰਗ

ਖਰੜ, 2 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਵਰਨਕਾਰ ਮਹਿਲਾਂ ਸਮਾਜ ਪੰਜਾਬ ਦੀ ਸੰਸਥਾਪਕ ਵੀਨਾ ਵਰਮਾ ਤੇ ਸੂਬਾ ਪ੍ਰਧਾਨ ਸ਼ਸ਼ੀ ਕਰਵਲ ਨੇ ਸਾਂਝੇ ਤੌਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਿਸ ਤਰਾਂ ਪੰਜਾਬ ਸਰਕਾਰ ਨੂੰ 7 ਅਕਤੂਬਰ 2025 ਨੂੰ ਹੋਰ ਸਰਕਾਰੀ ਛੁੱਟੀਆਂ ਦੀ ਤਰਜ਼ ਤੇ ਮਹਾਰਾਜ ਅਜਮੀੜ੍ਹ ਦੇਵ ਜੀ ਦੇ ਜਨਮ ਦਿਵਸ ਨੂੰ ਵੀ ਸਰਕਾਰੀ ਛੁੱਟੀਆਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਜਾਵੇ। ਸਵਰਨ ਕਾਰੀ ਦੇ ਕੰਮ ਦੀ ਸ਼ੁਰੂਆਤ ਕਰਨ ਵਿੱਚ ਮਹਾਰਾਜ ਜੀ ਦੀ ਹੀ ਮੁੱਖ ਭੂਮਿਕਾ ਤੇ ਯੋਗਦਾਨ ਹੈ। ਜਿਵੇਂ ਸਵਰਨਕਾਰ ਸਮਾਜ ਪੰਜਾਬ ਰਜਿ ਨੇ ਵੱਖ ਵੱਖ ਪਤਰਾਂ ਰਾਹੀਂ ਸਰਕਾਰ ਨੂੰ ਸੂਚਿਤ ਕੀਤਾ ਹੋਇਆ ਹੈ ਕਿ ਪੰਜਾਬ ਸਰਕਾਰ ਸਵਰਨਕਾਰ ਬਿਰਾਦਰੀ ਨੂੰ ਅਜਮੀੜ੍ਹ ਦੇਵ ਮਹਾਰਾਜ ਦੇ ਨਾਮ 'ਤੇ ਇੱਕ ਭਵਨ ਬਣਾਉਣ ਲਈ ਮੋਹਾਲੀ ਵਿੱਚ ਇੱਕ ਪਲਾਟ ਅਲਾਟ ਕਰਨਾ ਚਾਹੀਦਾ ਹੈ ਅਤੇ ਮੋਹਾਲੀ ਵਿੱਚ ਇੱਕ ਚੌਕ ਦਾ ਨਾਮ ਮਹਾਰਾਜ ਅਜਮੀੜ੍ਹ ਦੇਵ ਰੱਖਿਆ ਜਾਣਾ ਚਾਹੀਦਾ ਹੈ ਅਤੇ ਮਹਾਰਾਜ ਜੀ ਦੀ ਮੂਰਤੀ ਲਗਾਈ ਜਾਣੀ ਚਾਹੀਦੀ ਹੈ। ਮਹਾਰਾਜ ਅਜਮੀੜ੍ਹ ਦੇਵ ਜਯੰਤੀ ਨੂੰ ਅਧਿਕਾਰਤ ਤੌਰ 'ਤੇ ਮਨਾਉਣ ਲਈ ਬਹੁਤ ਜਲਦੀ ਐਲਾਨ ਕੀਤਾ ਜਾਣਾ ਚਾਹੀਦਾ ਹੈ। ਸਮੂਹ ਸਵਰਨਕਾਰ ਭਾਈਚਾਰਾ ਦੇਸ਼ ਦੀ ਆਰਥਿਕ ਮਜ਼ਬੂਤੀ ਦੇ ਥੰਮਹ ਵਜੋਂ ਕੰਮ ਕਰਦਾ ਆ ਰਿਹਾ ਹੈ। ਸਖ਼ਤ ਮਿਹਨਤ ਵਿੱਚ ਵਿਸ਼ਵਾਸ ਰੱਖਣ ਵਾਲਾ ਸਵਰਨਕਾਰ ਮਹਿਲਾਂ ਸਮਾਜ ਲਗਾਤਾਰ ਤਰੱਕੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਮਹਿਲਾਂ ਸਮਾਜ ਇੱਕ ਵਾਰ ਫਿਰ ਪੰਜਾਬ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਉਹ ਜਲਦੀ ਤੋਂ ਜਲਦੀ ਛੁੱਟੀਆਂ ਦੀ ਸੂਚੀ ਵਿੱਚ ਅਜਮੀੜ੍ਹ ਦੇਵ ਮਹਾਰਾਜ ਦਾ ਨਾਮ ਸ਼ਾਮਿਲ ਕਰਨ ਦਾ ਐਲਾਨ ਕਰੇ, ਤਾਂ ਜੋ ਪੰਜਾਬ ਦਾ ਸਵਰਨਕਾਰ ਮਹਿਲਾਂ ਸਮਾਜ ਵੀ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾ ਸਕੇ।

ਰਾਸ਼ਟਰੀ ਕ੍ਰਿਕਟ ਟੂਰਨਾਮੈਂਟ 'ਚ ਵਿਦਿਆ ਵੈਲੀ ਸਕੂਲ ਖਰੜ ਦੇ ਖਿਡਾਰੀ ਛਾਏ

ਪੋਤਾ ਹੋਣ 'ਤੇ ਨੱਚਦੀ ਦਾਦੀ ਵੀ ਬਣ ਗਈ ਮਾਂ, ਹੱਕਾ-ਬੱਕਾ ਰਹਿ ਗਿਆ ਪੂਰਾ ਪਰਿਵਾਰ

ਕੌਮੀ ਪਤ੍ਰਿਕਾ

ਫਿਲੌਰ 2 ਅਕਤੂਬਰ। 18 ਦਿਨ ਪਹਿਲਾਂ ਘਰ 'ਚ ਨੂੰਹ ਨੇ ਦਿੱਤਾ ਬੇਟੇ ਨੂੰ ਜਨਮ ਦਿੱਤਾ ਅਤੇ ਦਾਦਾ-ਦਾਦੀ ਨੇ ਜੰਮ ਕੇ ਖ਼ੁਸ਼ੀਆਂ ਵੀ ਮਨਾਈਆਂ ਪਰ 18 ਦਿਨ ਬਾਅਦ ਸਾਰੇ ਉਸ ਸਮੇਂ ਹੈਰਾਨ ਰਹਿ ਗਏ ਜਦੋਂ ਅੱਧੀ ਰਾਤ ਨੂੰ ਦਾਦੀ ਨੇ ਵੀ ਬੇਟੀ ਨੂੰ ਜਨਮ ਦੇ ਦਿੱਤਾ। ਬੇਟੀ ਨੂੰ ਜਨਮ ਦੇਣ ਤੋਂ ਬਾਅਦ ਨਮੋਸ਼ੀ 'ਚ ਆਈ ਦਾਦੀ ਚੁਪਚਾਪ ਨਵਜੰਮੀ ਬੱਚੀ ਨੂੰ ਪਿੰਡ ਦੇ ਬਾਹਰ ਸੁੱਟਣ ਚਲੀ ਗਈ, ਜਿਸ ਦਾ ਪਿੱਛਾ ਕਰਕੇ ਪਰਿਵਾਰ ਵਾਲਿਆਂ ਨੇ ਬੱਚੀ ਨੂੰ ਬਚਾ ਲਿਆ। ਨਵਜੰਮੀ ਬੱਚੀ ਨੂੰ ਬੀਤੇ ਦਿਨ ਪਰਿਵਾਰ ਵਾਲਿਆਂ ਨੇ ਆਪਣੀ ਰਿਸ਼ਤੇਦਾਰੀ 'ਚ ਲੋੜਵੰਦ ਪਰਿਵਾਰ ਨੂੰ ਗੋਦ ਦੇ ਦਿੱਤਾ। ਜਾਣਕਾਰੀ ਅਨੁਸਾਰ ਫਿਲੌਰ ਨੇੜੇ ਪਿੰਡ ਕੁਤਬੇਵਾਲ ਦੇ ਰਹਿਣ ਵਾਲੇ ਮਨੋਹਰ ਲਾਲ ਜਿਸ ਦੇ ਦੋ ਪੁੱਤਰ ਹਨ ਅਤੇ ਵੱਡਾ ਬੇਟਾ ਰਾਹੁਲ ਜੋ ਵਿਆਹਿਆ ਹੋਇਆ ਹੈ, ਦੇ ਘਰ 4 ਸਤੰਬਰ ਨੂੰ ਬੇਟੇ ਨੇ ਜਨਮ ਲਿਆ। ਬੇਟੇ ਦੇ ਜਨਮ ਲੈਣ ਤੋਂ ਬਾਅਦ ਪੂਰਾ ਪਿੰਡ ਦਾਦਾ ਮਨੋਹਰ ਲਾਲ ਅਤੇ ਦਾਦੀ ਸੀਮਾ ਰਾਣੀ ਨੂੰ ਵਧਾਈ ਦੇਣ ਪੁੱਜੇ। ਦਾਦੀ ਬਣੀ ਸੀਮਾ ਪੋਤਾ ਹੋਣ ਦੀ ਖ਼ੁਸ਼ੀ 'ਚ ਹਰ ਕਿਸੇ ਦਾ ਮੂੰਹ ਮਿੱਠਾ ਕਰਵਾ ਰਹੀ ਸੀ। 18 ਦਿਨ ਬਾਅਦ ਪਹਿਲੇ ਨਰਾਤੇ ਨੂੰ ਦਾਦੀ ਫਿਰ ਤੋਂ ਬਣ ਗਈ ਮਾਂ, ਬੇਟੀ ਨੂੰ ਦਿੱਤਾ ਜਨਮ ਜਿਸ ਦਾਦੀ ਤੋਂ ਪੋਤਰਾ ਹੋਣ ਦੀਆਂ ਖ਼ੁਸ਼ੀਆਂ ਨਹੀਂ ਸੰਭਾਲੀਆਂ ਜਾ ਰਹੀਆਂ ਸਨ। ਪੋਤਰਾ ਹੋਣ ਦੇ 18 ਦਿਨ ਬਾਅਦ ਪਹਿਲੇ ਨਰਾਤੇ 22 ਸਤੰਬਰ ਨੂੰ ਦਾਦੀ ਇਕ ਵਾਰ ਫਿਰ ਤੋਂ ਮਾਂ ਬਣ ਗਈ। ਅੱਧੀ ਰਾਤ ਨੂੰ ਉਸ ਨੇ ਆਪਣੇ ਕਮਰੇ 'ਚ ਚੁੱਪਚਾਪ ਕੇ ਬੇਟੀ ਨੂੰ ਜਨਮ ਦੇ ਦਿੱਤਾ। ਪਰਿਵਾਰ ਵਾਲਿਆਂ ਮੁਤਾਬਕ ਦਾਦੀ ਸੀਮਾ ਨੂੰ ਬੱਚਾ ਹੋਣ ਸਮੇਂ ਦਰਦ ਹੋਇਆ ਤਾਂ ਉਸ ਨੇ ਆਪਣੇ ਕਿਸੇ ਵੀ ਪਰਿਵਾਰ ਵਾਲੇ ਨੂੰ ਨਹੀਂ ਬੁਲਾਇਆ ਆਪ ਹੀ ਬਿਸਤਰੇ 'ਤੇ ਪਈ ਜ਼ੋਰ

ਅਜ਼ਮਾਇਸ਼ ਕਰਦੀ ਰਹੀ। ਆਖਿਰ ਢਾਈ ਵਜੇ ਬੱਚੀ ਨੇ ਜਨਮ ਲੈ ਲਿਆ ਤਾਂ ਜਨਮ ਲੈਣ ਤੋਂ ਕੁਝ ਹੀ ਦੇਰ ਬਾਅਦ ਨਵਜੰਮੀ ਬੱਚੀ ਦੀਆਂ ਕਿਲਕਾਰੀਆਂ ਘਰ 'ਚ ਸੁਣਾਈ ਦਿੱਤੀਆਂ। ਉਸ ਦਾ ਬੇਟਾ ਅਤੇ ਨੂੰਹ ਨੀਂਦ ਤੋਂ ਉੱਠ ਗਏ। ਜਦੋਂ ਉਨ੍ਹਾਂ ਨੇ ਵੇਖਿਆ ਕਿ ਬੇਟਾ ਚੁੱਪਚਾਪ ਸੌਂ ਰਿਹਾ ਹੈ ਤਾਂ ਉਹ ਘਰ ਦੇ ਦੂਜੇ ਕਮਰੇ 'ਚ ਗਏ ਤਾਂ ਆਪਣੀ ਮਾਂ ਦੇ ਕਮਰੇ 'ਚ ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਉਹ ਹੈਰਾਨ ਰਹਿ ਗਏ। ਉਨ੍ਹਾਂ ਨੇ ਪਿੰਡ 'ਚ ਰਹਿ ਰਹੀ ਬਜ਼ੁਰਗ ਦਾਈ ਨੂੰ ਬੁਲਾਇਆ। ਉਸ ਨੇ ਘਰ ਪਹੁੰਚ ਕੇ ਵੇਖਿਆਂ ਤਾਂ ਨਵਜੰਮਿਆ ਬੱਚਾ ਬੇਟੀ ਸੀ, ਜਿਸ ਨੂੰ ਸੀਮਾ ਨੇ ਜਨਮ ਦਿੱਤਾ ਸੀ। ਪਰਿਵਾਰ ਦੇ ਮੈਂਬਰ ਜੋ ਘਰ 'ਚ ਬੇਟਾ ਹੋਣ ਤੋਂ ਬੇਹੱਦ ਖ਼ੁਸ਼ ਸਨ, ਹੁਣ ਉਨ੍ਹਾਂ ਨੂੰ ਨਾਮੋਸ਼ੀ ਹੋਣ ਲੱਗੀ। ਜਦੋਂ ਪੱਤਰਕਾਰ ਪਰਿਵਾਰ ਵਾਲਿਆਂ ਨਾਲ ਕੁੜੀ ਹੋਣ ਦੀ ਜਾਣਕਾਰੀ ਲੈ ਰਹੇ ਸਨ ਤਾਂ ਉਹ ਪੂਰਾ ਪਰਿਵਾਰ ਕਹਿਣ ਲੱਗ ਗਿਆ ਕਿ ਦਾਦੀ ਦਾ ਮਾਨਸਿਕ ਸੰਤੁਲਨ ਠੀਕ ਨਹੀਂ ਹੈ। ਬੇਟੀ ਨੂੰ ਜਨਮ ਦੇਣ ਤੋਂ ਬਾਅਦ ਦਾਦੀ ਵੀ ਨਾਮੋਸ਼ੀ 'ਚ ਚਲੀ ਗਈ। ਉਹ ਆਪਣੀ ਨਵਜੰਮੀ ਬੱਚੀ ਨੂੰ ਇਕ ਕੱਪੜੇ 'ਚ ਲਪੇਟ ਕੇ ਪਿੰਡ ਦੇ ਬਾਹਰ ਸੁੱਟਣ ਲਈ ਘਰ ਤੋਂ ਚੁੱਪਚਾਪ ਨਿਕਲ ਗਈ। ਪਰਿਵਾਰ ਦੇ ਮੈਂਬਰਾਂ ਨੇ ਜਦੋਂ ਵੇਖਿਆ ਕਿ ਉਹ ਅਤੇ ਬੱਚੀ ਆਪਣੇ ਕਮਰੇ 'ਚ ਨਹੀਂ ਹੈ ਤਾਂ ਉਹ ਉਸ ਦੇ ਪਿੱਛੇ ਭੱਜੇ ਤਾਂ ਉਨ੍ਹਾਂ ਨੇ ਉਸ ਦੇ ਪਿੱਛੇ ਪਹੁੰਚ ਕੇ ਲੜਕੀ ਨੂੰ ਬਚਾ ਲਿਆ। ਜਦੋਂ ਪੱਤਰਕਾਰਾਂ ਨੇ ਪੂਰੀ ਘਟਨਾ ਦੇ ਸੰਬੰਧ 'ਚ ਪਰਿਵਾਰ ਅਤੇ ਪਿੰਡ ਵਾਸੀਆਂ ਨਾਲ ਗੱਲ ਕੀਤੀ ਤਾਂ ਸਾਰੇ ਇਕ ਹੀ ਗੱਲ ਬੋਲਣ ਲੱਗੇ ਕਿ ਦਾਦੀ ਦਾ ਮਾਨਸਿਕ ਸੰਤੁਲਨ ਠੀਕ ਨਹੀਂ ਹੈ। ਬੱਚੀ ਨੂੰ ਉਸੇ ਨੇ ਜਨਮ ਦੇ ਦਿੱਤਾ ਹੈ, ਉਹ ਕਦੋਂ ਗਰਭਵਤੀ ਹੋਈ ਅਤੇ ਦਿਮਾਗੀ ਤੌਰ 'ਤੇ ਠੀਕ ਨਾ ਹੋਣ ਕਾਰਨ ਉਸ ਨੂੰ ਵੀ ਪਤਾ ਨਹੀਂ ਲੱਗਿਆ। ਪਰਿਵਾਰ ਵਾਲਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਬੱਚੀ ਨੂੰ ਆਪਣੇ ਹੀ ਰਿਸ਼ਤੇ 'ਚ ਲੋੜਵੰਦ ਪਰਿਵਾਰ ਨੂੰ ਗੋਦ 'ਚ ਦਿੱਤਾ, ਜਿਨ੍ਹਾਂ ਦੇ ਘਰ 'ਚ ਕੋਈ ਬੱਚਾ ਨਹੀਂ ਸੀ।

ਨਗਰ ਨਿਗਮ ਲੁਧਿਆਣਾ ਵੱਲੋਂ 123.39 ਕਰੋੜ ਰੁਪਏ ਤੋਂ ਵੱਧ ਦੀ ਪ੍ਰਾਪਰਟੀ ਟੈਕਸ ਦੀ ਵਸੂਲੀ

ਲੁਧਿਆਣਾ, 2 ਅਕਤੂਬਰ। ਟਿਕਾਊ ਵਿਕਾਸ ਵੱਲ ਕੰਮ ਕਰਦੇ ਹੋਏ, ਨਗਰ ਨਿਗਮ ਲੁਧਿਆਣਾ ਨੇ ਇਸ ਸਾਲ 30 ਸਤੰਬਰ (ਮੌਜੂਦਾ ਵਿੱਤੀ ਸਾਲ 2025-26) ਤੱਕ ਪ੍ਰਾਪਰਟੀ ਟੈਕਸ ਦੀ ਹੁਣ ਤੱਕ ਦੀ ਸਭ ਤੋਂ ਵੱਧ ਵਸੂਲੀ ਪ੍ਰਾਪਤ ਕੀਤੀ ਹੈ। ਨਗਰ ਨਿਗਮ ਨੇ 30 ਸਤੰਬਰ, 2025 ਤੱਕ ਪ੍ਰਾਪਰਟੀ ਟੈਕਸ ਦੇ ਰੂਪ ਵਿੱਚ 123.39 ਕਰੋੜ ਰੁਪਏ ਤੋਂ ਵੱਧ ਦੀ ਵਸੂਲੀ ਕੀਤੀ ਹੈ। ਇਹ ਕਿਸੇ ਵੀ ਵਿੱਤੀ ਸਾਲ ਵਿੱਚ 30 ਸਤੰਬਰ ਤੱਕ ਪ੍ਰਾਪਰਟੀ ਟੈਕਸ ਦੀ ਇੱਕ ਰਿਕਾਰਡ ਉੱਚ ਵਸੂਲੀ ਹੈ। ਪਿਛਲੇ ਸਾਲ (2024-25), ਨਗਰ ਨਿਗਮ ਨੇ 30 ਸਤੰਬਰ, 2024 ਤੱਕ ਪ੍ਰਾਪਰਟੀ ਟੈਕਸ ਦੇ ਸਿਰਲੇਖ ਹੇਠ 112.94 ਕਰੋੜ ਰੁਪਏ ਦੀ ਵਸੂਲੀ ਕੀਤੀ ਸੀ। ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਅਤੇ ਨਗਰ ਨਿਗਮ ਕਮਿਸ਼ਨਰ ਆਦਿਤਿਆ ਡੇਚਲਵਾਲ ਨੇ ਪ੍ਰਾਪਰਟੀ ਟੈਕਸ ਸ਼ਾਖਾ ਦੇ ਸੰਬੰਧਤ ਅਧਿਕਾਰੀਆਂ ਨੂੰ ਵਸਨੀਕਾਂ ਤੋਂ ਬਾਕੀ ਬਕਾਏ ਦੀ ਵਸੂਲੀ ਲਈ ਸਖ਼ਤ ਮਿਹਨਤ ਜਾਰੀ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਫੰਡਾਂ ਦੀ ਵਰਤੋਂ ਵਸਨੀਕਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਅਤੇ ਰਾਜ ਦੇ ਉਦਯੋਗਿਕ ਕੇਂਦਰ ਵਜੋਂ ਜਾਣੇ ਜਾਂਦੇ ਸ਼ਹਿਰ ਵਿੱਚ ਵਿਕਾਸ ਕਾਰਜ ਕਰਨ ਲਈ ਕੀਤੀ ਜਾਂਦੀ ਹੈ।

1 ਕਿੱਲੋ 647 ਗ੍ਰਾਮ ਹੈਰੋਇਨ ਸਮੇਤ ਤਿੰਨ ਤਸਕਰ ਗ੍ਰਿਫ਼ਤਾਰ

ਫਿਰੋਜ਼ਪੁਰ 21 ਮਾਰਚ। ਥਾਣਾ ਮਮਦੋਟ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਤਿੰਨ ਤਸਕਰਾਂ ਨੂੰ 1 ਕਿਲੋ 647 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਇੰਸਪੈਕਟਰ ਅਭਿਨਵ ਚੌਹਾਨ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਬੀਡੀਪੀਓ ਦਫਤਰ ਮਮਦੋਟ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਬਲਵਿੰਦਰ ਸਿੰਘ ਉਰਫ ਕੁਲਵਿੰਦਰ ਸਿੰਘ ਵਾਸੀ ਪੋਜੋ ਕੇ ਉਤਾੜ ਜੋ ਹੈਰੋਇਨ ਵੇਚਣ ਦਾ ਆਦੀ ਹੈ। ਇਸ 'ਤੇ ਪਹਿਲਾਂ ਵੀ ਐੱਨਡੀਪੀਐੱਸ ਐਕਟ ਅਧੀਨ ਮੁਕੱਦਮੇ ਦਰਜ ਹਨ, ਜਿਸ ਨੇ ਅੱਜ ਵੀ ਇੰਡੋ ਪਾਕਿ ਬਾਰਡਰ ਨਾਲ ਲੱਗੇ ਪਿੰਡ ਜੱਲੋ ਕੇ ਖੇਤਾਂ ਵਿਚ ਡਰੋਨ ਰਾਹੀਂ ਪਾਕਿਸਤਾਨ ਤੋਂ ਭਾਰੀ ਮਾਤਰਾ ਵਿਚ ਹੈਰੋਇਨ ਮੰਗਵਾਈ ਹੈ। ਉਕਤ ਮੁਲਜ਼ਮ ਆਪਣੇ ਸਾਥੀਆਂ ਚਰਨਜੀਤ ਸਿੰਘ ਉਰਫ ਚੰਨੂ ਪੁੱਤਰ ਦੇਸਾ ਸਿੰਘ ਵਾਸੀ ਪਿੰਡ ਪੋਜੋ ਕੇ ਉਤਾੜ ਅਤੇ ਅਕਾਸ਼ਵੀਰ ਸਿੰਘ ਉਰਫ ਗਗਨ ਪੁੱਤਰ ਪ੍ਰੀਤਮ ਸਿੰਘ ਵਾਸੀ ਬੂਹ ਗੁੱਜਰ ਥਾਣਾ ਮਖੂ ਜ਼ਿਲ੍ਹਾ ਫਿਰੋਜ਼ਪੁਰ ਨਾਲ ਮਿਲ ਕੇ ਜੱਲੋ ਕੇ ਖੇਤਾਂ ਵਿਚੋਂ ਡਰੋਨ ਰਾਹੀਂ ਮੰਗਵਾਈ ਹੈਰੋਇਨ ਚੁੱਕਣ ਦੀ ਤਾਕ ਵਿਚ ਆਸ ਪਾਸ ਘੁੰਮ ਰਹੇ ਹਨ। ਜੇਕਰ ਉਨ੍ਹਾਂ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਂ ਨੂੰ 1 ਕਿਲੋ 647 ਗ੍ਰਾਮ ਹੈਰੋਇਨ ਸਮੇਤ ਪੈਕਿੰਗ ਮਟੀਰੀਅਲ ਗ੍ਰਿਫ਼ਤਾਰ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਂ ਖ਼?ਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਮੌਲੀਜਾਗਰਾਂ 'ਚ ਸ਼ੱਕੀ ਹਾਲਾਤ 'ਚ ਵਿਅਕਤੀ ਦੀ ਮੌਤ

ਚੰਡੀਗੜ੍ਹ 21 ਮਾਰਚ। ਮੌਲੀਜਾਗਰਾਂ ਸਥਿਤ ਮਸਜਿਦ ਨੇੜੇ ਸ਼ੱਕੀ ਹਾਲਾਤ 'ਚ ਵਿਅਕਤੀ ਪਿਆ ਮਿਲਿਆ। ਰਾਹਗੀਰਾਂ ਨੇ ਵਿਅਕਤੀ ਨੂੰ ਪਿਆ ਦੇਖ ਕੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਵਿਅਕਤੀ ਨੂੰ ਸੈਕਟਰ-16 ਦੇ ਜਨਰਲ ਹਸਪਤਾਲ 'ਚ ਦਾਖ਼ਲ ਕਰਵਾਇਆ। ਇੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਦੀ ਪਛਾਣ ਨਹੀਂ ਹੋ ਸਕੀ। ਮੌਲੀਜਾਗਰਾਂ ਥਾਣਾ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਮੌਲੀਜਾਗਰਾਂ ਥਾਣਾ ਪੁਲਸ ਨੂੰ ਬੁੱਧਵਾਰ ਨੂੰ ਸੂਚਨਾ ਮਿਲੀ ਕਿ ਮੌਲੀਜਾਗਰਾਂ ਸਥਿਤ ਮਸਜਿਦ ਨੇੜੇ ਅਣਪਛਾਤੇ ਵਿਅਕਤੀ ਦੀ ਲਾਸ਼ ਪਈ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਕੀਤੀ। ਪੁਲਸ ਅਨੁਸਾਰ ਮ੍ਰਿਤਕ ਦੇ ਸਰੀਰ 'ਤੇ ਕਿਸੇ ਤਰ੍ਹਾਂ ਦੀ ਬਾਹਰੀ ਸੱਟ ਦੇ ਨਿਸ਼ਾਨ ਨਹੀਂ ਮਿਲੇ ਹਨ। ਰਾਹਗੀਰ ਨੇ ਮਸਜਿਦ ਦੇ ਨੇੜੇ ਕਰੀਬ 50 ਸਾਲਾ ਵਿਅਕਤੀ ਨੂੰ ਬੇਹੋਸ਼ੀ ਦੀ ਹਾਲਤ 'ਚ ਦੇਖਿਆ ਅਤੇ ਪੁਲਸ ਕੰਟਰੋਲ ਰੂਮ ਨੂੰ ਸੂਚਨਾ ਦਿੱਤੀ ਸੀ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਮੋਰਚਰੀ 'ਚ ਰਖਵਾ ਕੇ ਜਾਂਚ ਸ਼ੁਰੂ ਕਰ ਦਿੱਤੀ।

ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮ ਨੂੰ 4 ਸਾਲ ਦੀ ਕੈਦ

ਚੰਡੀਗੜ੍ਹ 21 ਮਾਰਚ। ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਰਿਸ਼ਵਤ ਲੈਣ ਦੇ ਮੁਲਜ਼ਮ ਪੰਜਾਬ ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮ ਸਰਵਣ ਕੁਮਾਰ ਭਾਟੀਆ ਅਤੇ ਦਮਨਦੀਪ ਸਿੰਘ ਨੂੰ ਦੋਸ਼ੀ ਕਰਾਰ ਦਿੰਦਿਆਂ 4 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸੀ. ਬੀ. ਆਈ. ਨੇ ਕਰੀਬ 8 ਸਾਲ ਪਹਿਲਾਂ 2017 'ਚ 18 ਹਜ਼ਾਰ 300 ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਕੇਸ ਦਰਜ ਕਰ ਕੇ ਦੋਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸਤੰਬਰ 2022 'ਚ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਦੋਸ਼ ਤੈਅ ਕਰਦਿਆਂ ਟ?ਰਾਇਲ ਸ਼ੁਰੂ ਕੀਤਾ ਸੀ। ਸੀ. ਬੀ. ਆਈ. ਨੂੰ ਦਿੱਤੀ ਸ਼ਿਕਾਇਤ ਵਿਚ ਨਵਾਂਗਾਓਂ ਦੇ ਕਮਲ ਕੁਮਾਰ ਨੇ ਦੱਸਿਆ ਕਿ ਕਾਰ ਖ਼ਰੀਦਣ ਤੋਂ ਬਾਅਦ ਆਰ. ਸੀ. ਅਤੇ ਆਲ ਇੰਡੀਆ ਪਰਮਿਟ ਨੂੰ ਲੈ ਕੇ 3 ਮਈ 2017 ਨੂੰ ਸੈਕਟਰ-17 ਸਥਿਤ ਪੰਜਾਬ ਟਰਾਂਸਪੋਰਟ ਵਿਭਾਗ ਗਿਆ ਸੀ।

ਮਥੁਰਾ 'ਚ ਇਸਕਾਨ ਮੰਦਰ 'ਚ ਕਰੋੜਾਂ ਦਾ ਘਪਲਾ, ਦਾਨ ਕੀਤੇ ਪੈਸੇ ਤੇ ਰਸੀਦ ਬੁੱਕਾਂ ਲੈ ਕੇ ਮੁਲਾਜਮ ਫਰਾਰ

ਮਥੁਰਾ 2 ਅਕਤੂਬਰ। ਯੂ. ਪੀ. ਦੇ ਮਥੁਰਾ ਜ?ਿਲੇ 'ਚ ਵ੍ਰਿੰਦਾਵਨ ਵਿਖੇ ਸਥਿਤ ਕ੍ਰਿਸ਼ਨਾ-ਬਲਰਾਮ ਇਸਕਾਨ ਮੰਦਰ 'ਚ ਕਰੋੜਾਂ ਰੁਪਏ ਦਾ ਘਪਲਾ ਸਾਹਮਣੇ ਆਇਆ ਹੈ। ਇਸਕਾਨ ਮੰਦਿਰ ਦੇ ਮੈਂਬਰਸ਼?ਿਪ ਵਿਭਾਗ 'ਚ ਮੁਰਲੀਧਰ ਦਾਸ ਪੁੱਤਰ ਨਿਮਾਚੰਦ ਯਾਦਵ ਮੂਲ ਵਾਸੀ ਸ੍ਰੀਰਾਮ ਕਾਲੋਨੀ, ਰਾਉਰੀਜ਼ , ਇੰਦੌਰ (ਮੱਧ ਪ੍ਰਦੇਸ਼) ਤੇ ਹਾਲ ਵਾਸੀ ਛੱਤੀਕਾਰਾ ਥਾਣਾ ਜੈਤ ਨੂੰ ਦਾਨੀਆਂ ਕੋਲੋਂ ਦਾਨ ਲੈ ਕੇ ਰਸੀਦਾਂ ਦੇਣ ਲਈ ਨਿਯੁਕਤ ਕੀਤਾ ਗਿਆ ਸੀ। ਦੋਸ਼ ਹੈ ਕਿ ਮੁਰਲੀਧਰ ਨੇ ਇਸਕਾਨ ਦੇ ਪ੍ਰਬੰਧਕਾਂ ਕੋਲੋਂ 32 ਰਸੀਦ ਬੁੱਕਾਂ ਲੈ ਕੇ ਆਪਣੇ ਕੋਲ ਰੱਖ ਲਈਆਂ ਅਤੇ ਦਾਨੀਆਂ ਵੱਲੋਂ ਦਿੱਤੇ ਗਏ ਕਰੋੜਾਂ ਰੁਪਏ ਦਾ ਗਬਨ ਕੀਤਾ। ਉਹ ਰਸੀਦ ਬੁੱਕਾਂ ਅਤੇ ਦਾਨ ਦੇ ਪੈਸੇ ਲੈ ਕੇ ਮੰਦਰ ਛੱਡ ਕੇ ਭੱਜ ਗਿਆ। ਦੋਸ਼ ਹੈ ਕਿ ਜਦੋਂ ਉਸ ਨਾਲ ਫੋਨ 'ਤੇ ਸੰਪਰਕ ਕੀਤਾ ਗਿਆ ਤੇ ਰਸੀਦ ਬੁੱਕਾਂ

ਵਾਪਸ ਕਰਨ ਤੇ ਪੈਸੇ ਜਮ੍ਹਾ ਕਰਵਾਉਣ ਲਈ ਕਿਹਾ ਗਿਆ ਤਾਂ ਉਸ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। 27 ਦਸੰਬਰ ਨੂੰ ਮੰਦਰ ਦੇ ਮੁੱਖ ਵਿੱਤ ਅਧਿਕਾਰੀ ਵਿਸਵਨਾਮ ਦਾਸ ਨੇ ਫਰਾਰ ਮੁਲਾਜਮ ਖ?ਿਲਾਫ ਐੱਸ. ਐੱਸ. ਪੀ. ਕੋਲ ਸ?ਿਕਾਇਤ ਦਰਜ ਕਰਵਾਈ। ਐੱਸ. ਐੱਸ. ਪੀ ਦੇ ਹੁਕਮਾਂ 'ਤੇ ਵੀਰਵਾਰ ਦੇਰ ਰਾਤ ਮੁਰਲੀਧਰ ਖਿਲਾਫ ਥਾਣਾ ਸਦਰ 'ਚ ਮਾਮਲਾ ਦਰਜ ਕਰ ਲਿਆ ਗਿਆ। ਮਾਮਲੇ ਦੀ ਜਾਂਚ ਰਾਮਾਰੇਤੀ ਪੁਲਸ ਚੌਕੀ ਦੇ ਇੰਚਾਰਜ ਸ?ਿਵਸਰਨ ਸਿੰਘ ਨੂੰ ਸੌਂਪ ਦਿੱਤੀ ਗਈ ਹੈ।

ਪੁਰਾਣੀ ਰੰਜਿਸ਼ਨ ਤਹਿਤ ਸੱਟਾਂ ਮਾਰ ਕੇ ਕੀਤਾ ਜ਼ਖਮੀ

ਬਟਾਲਾ 2 ਅਕਤੂਬਰ। ਪੁਰਾਣੀ ਰੰਜਿਸ਼ਨ ਤਹਿਤ ਸੱਟਾਂ ਮਾਰ ਕੇ ਜ਼ਖਮੀ ਕਰਨ ਦੇ ਕਥਿਤ ਦੋਸ਼ ਹੇਠ ਔਰਤ ਸਣੇ 6 ਜਣਿਆਂ ਖ?ਿਲਾਫ ਥਾਣਾ ਸਦਰ ਦੀ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਭੁਪਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਧੀਰ ਨੇ ਦੱਸਿਆ ਕਿ ਉਹ ਬੀਤੀ 5 ਦਸੰਬਰ ਨੂੰ ਸ਼ਾਮ ਸਾਢੇ 6 ਵਜੇ ਦੇ ਕਰੀਬ ਆਪਣੇ ਚਾਚੇ ਅਵਤਾਰ ਸਿੰਘ ਦੇ ਘਰ ਜਾ ਰਿਹਾ ਸੀ ਕਿ ਪਿੰਡ ਦੇ ਰਹਿਣ ਵਾਲੇ 5 ਵਿਅਕਤੀਆਂ ਨੇ ਪਿੰਡ ਦੀ ਇਕ ਔਰਤ ਵੱਲੋਂ ਦਿੱਤੀ ਹੱਲਾਸ਼ੇਰੀ 'ਤੇ ਉਧਾਰ ਦਿੱਤੇ ਪੈਸੇ ਮੰਗਣ ਦੀ ਰੰਜਿਸ਼ ਰੱਖਦੇ ਹੋਏ ਉਸ ਨੂੰ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ।

ਚਾਈਨ ਡੋਰ ਦੇ 8 ਗੱਟੂਆਂ ਸਮੇਤ 2 ਨੌਜਵਾਨ ਗ੍ਰਿਫ਼ਤਾਰ

ਬਟਾਲਾ 2 ਅਕਤੂਬਰ। ਥਾਣਾ ਘੁਮਾਣ ਅਤੇ ਸਿਟੀ ਦੀ ਪੁਲਸ ਵਲੋਂ ਚਾਈਨਾ ਡੋਰ ਦੇ ਗੱਟੂਆਂ ਸਮੇਤ 2 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.